LLAIS

Eich llais chi mewn iechyd a gofal | Your voice in health and social care



# ਵਲੰਟੀਅਰ ਹੈਂਡਬੁੱਕ

ਅਖੰਡਤਾ ~ ਲੋਕ ਕੇਂਦਰਿਤ ~ ਇਕੱਠੇ ਮਿਲ ਕੇ ਕੰਮ ਕਰਨਾ

# ਪਹੁੰਚਯੋਗ ਫਾਰਮੈਟ

ਇਹ ਦਸਤਾਵੇਜ਼ ਵੈਲਸ਼ ਵਿੱਚ ਵੀ ਉਪਲਬਧ ਹੈ।

ਜੇ ਤੁਸੀਂ ਇਸ ਪ੍ਰਕਾਸ਼ਨ ਨੂੰ ਕਿਸੇ ਵਿਕਲਪਕ ਫਾਰਮੈਟ ਅਤੇ/ਜਾਂ ਭਾਸ਼ਾ ਵਿੱਚ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਡੇ ਨਾਲ enquiries@llaiscymru.org 'ਤੇ ਸੰਪਰਕ  ਕਰੋ।

ਤੁਸੀਂ ਇਸ ਨੂੰ ਸਾਡੀ ਵੈੱਬਸਾਈਟ ਤੋਂ ਡਾਊਨਲੋਡ ਕਰ ਸਕਦੇ ਹੋ ਜਾਂ ਸਾਡੇ ਦਫਤਰ ਨਾਲ ਸੰਪਰਕ ਕਰਕੇ ਇੱਕ ਕਾਪੀ ਮੰਗ ਸਕਦੇ ਹੋ।

# ਸਮੱਗਰੀ


| | |
|---|---|
| ਜੀ ਆਇਆ ਨੂੰ | 1 |
| ਲਾਇਸ ਬਾਰੇ | 2 |
| ਅਸੀਂ ਕਿਹੜੀਆਂ ਸੇਵਾਵਾਂ ਨੂੰ ਕਵਰ ਕਰਦੇ ਹਾਂ? | 2 |
| ਸਾਡੇ ਕੋਲ ਕੀ ਸ਼ਕਤੀਆਂ ਹਨ? | 3 |
| ਅਸੀਂ ਕਿਵੇਂ ਕੰਮ ਕਰਦੇ ਹਾਂ? | 3 |
| ਸਾਡਾ ਬੋਰਡ / ਸਾਡਾ ਸਟਾਫ | 3 |
| ਸਾਡੇ ਵਲੰਟੀਅਰ / ਸਾਡੀ ਭੂਮਿਕਾਵਾਂ | 4 |
| ਤੁਹਾਡੇ ਪ੍ਰਤੀ ਸਾਡੀ ਵਚਨਬੱਧਤਾ | 5 |
| ਅਸੀਂ ਤੁਹਾਡੀ ਸਹਾਇਤਾ ਕਿਵੇਂ ਕਰਾਂਗੇ | 6 |
| ਅਸੀਂ ਤੁਹਾਡੇ ਤੋਂ ਕੀ ਉਮੀਦ ਕਰਦੇ ਹਾਂ | 7 |
| ਜ਼ਰੂਰੀ ਨੀਤੀਆਂ ਅਤੇ ਪ੍ਰਕਿਰਿਆਵਾਂ | 8 |
| ਆਚਰਣ ਦਾ ਕੋਡ | 9 |
| ਹਿੱਤਾਂ ਦੇ ਟਕਰਾਅ | 10 |
| ਸਿਹਤ ਅਤੇ ਸੁਰੱਖਿਆ | 10 |
| ਇਕੱਲੇ ਕੰਮ ਕਰਨਾ | 11 |
| ਹਾਦਸੇ, ਘਟਨਾਵਾਂ ਅਤੇ ਬੀਮਾ | 12 |
| ਨਿੱਜੀ ਸੁਰੱਖਿਆ ਅਤੇ ID ਬੈਜ | 12 |
| ਗੁਪਤਤਾ | 12 |
| ਸੁਰੱਖਿਆਕਰਣ | 13 |
| ਡੇਟਾ ਸੁਰੱਖਿਆ | 14 |
| ਮੁਸ਼ਕਲਾਂ ਨਾਲ ਨਜਿੱਠਣਾ | 14 |
| ਸਾਡੀ ਸਮੱਸਿਆ ਹੱਲ ਕਰਨ ਦੀ ਪ੍ਰਕਿਰਿਆ | 15 |
| ਸ਼ਿਕਾਇਤਾਂ | 16 |
| ਵ੍ਹੀਸਲਬਲੋਇੰਗ | 16 |
| ਸਮਾਨਤਾ, ਵਿਭਿੰਨਤਾ ਅਤੇ ਸ਼ਮੂਲੀਅਤ | 16 |
| ਅੱਗੇ ਵਧਣਾ ਅਤੇ ਰੈਫਰੇਨਸਾਂ | 17 |
| ਲਾਭਦਾਇਕ ਲਿੰਕ | 17 |

# ਜੀ ਆਇਆਂ ਨੂੰ

ਸਾਨੂੰ ਖੁਸ਼ੀ ਹੈ ਕਿ ਤੁਸੀਂ ਲਾਇਸ ਨਾਲ ਵਲੰਟੀਅਰ ਬਣਨ ਦੀ ਚੋਣ ਕੀਤੀ ਹੈ। ਅਸੀਂ ਇਹ ਯਕੀਨੀ ਬਣਾਉਣ ਲਈ ਤੁਹਾਡੇ ਵਰਗੇ ਲੋਕਾਂ 'ਤੇ ਨਿਰਭਰ ਕਰਦੇ ਹਾਂ ਕਿ ਵੇਲਜ਼ ਵਿੱਚ ਲੋਕਾਂ ਦੀਆਂ ਆਵਾਜ਼ਾਂ ਸੁਣੀਆਂ ਜਾਣ।

ਕਿਰਪਾ ਕਰਕੇ ਹੈਂਡਬੁੱਕ ਨੂੰ ਪੜ੍ਹਨ ਲਈ ਸਮਾਂ ਲਓ ਅਤੇ ਲੋੜ ਪੈਣ 'ਤੇ ਇਸ ਨੂੰ ਫਿਰ ਦੇਖੋ। ਇਹ ਤੁਹਾਨੂੰ ਦੱਸਦਾ ਹੈ ਕਿ ਅਸੀਂ ਕੌਣ ਹਾਂ, ਅਸੀਂ ਕੀ ਕਰਦੇ ਹਾਂ, ਅਤੇ ਤੁਹਾਡੀ ਅਤੇ ਦੂਜਿਆਂ ਦੀ ਸਹਾਇਤਾ ਅਤੇ ਰੱਖਿਆ ਕਰਨ ਲਈ ਸਾਡੇ ਕੋਲ ਮੌਜੂਦ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਨਿਰਧਾਰਤ ਕਰਦੀ ਹੈ।



ਲਾਇਸ ਵੇਲਜ਼ ਸਰਕਾਰ ਦੁਆਰਾ ਸਥਾਪਤ **ਰਾਸ਼ਟਰੀ**, ਸੁਤੰਤਰ ਸੰਸਥਾ ਹੈ ਜੋ ਵੇਲਜ਼ ਦੇ ਲੋਕਾਂ ਨੂੰ ਉਨ੍ਹਾਂ ਦੀਆਂ ਸਿਹਤ ਅਤੇ ਸਮਾਜਿਕ ਸੰਭਾਲ ਸੇਵਾਵਾਂ ਵਿੱਚ ਇੱਕ ਮਜ਼ਬੂਤ ਆਵਾਜ਼ ਚੁੱਕਣ ਲਈ ਸਥਾਪਤ ਕੀਤੀ ਗਈ ਹੈ।

ਸਾਡੀਆਂ ਤਿੰਨ ਮੁੱਖ ਭੂਮਿਕਾਵਾਂ ਹਨ:

**01:** ਸਿਹਤ ਅਤੇ ਸਮਾਜਕ ਸੰਭਾਲ ਦੇ ਤੁਹਾਡੇ ਤਜ਼ਰਬਿਆਂ ਬਾਰੇ ਤੁਹਾਡੇ ਨਾਲ ਜੁੜਨਾ ਅਤੇ ਤੁਹਾਡੀ ਗੱਲ ਸੁਣਨਾ।

ਤੁਸੀਂ ਸਾਨੂੰ ਕਮਿਊਨਟੀ ਵਿੱਚ, ਸਮਾਗਮਾਂ ਵਿੱਚ, ਡ੍ਰੌਪ- ਇਨਾਂ ਵਿੱਚ ਮਿਲ ਸਕਦੇ ਹੋ - ਅਸੀਂ ਤੁਹਾਨੂੰ ਉਹਨਾਂ ਥਾਵਾਂ 'ਤੇ ਮਿਲਣ ਦੀ ਕੋਸ਼ਿਸ਼ ਕਰਦੇ ਹਾਂ ਜੋ ਤੁਹਾਨੂੰ ਆਪਣੀ ਗੱਲ ਕਹਿਣ ਦਾ ਮੌਕਾ ਦੇਣ ਲਈ ਮਹੱਤਵਪੂਰਨ ਹਨ।

**02:** ਸਿਹਤ ਅਤੇ ਸਮਾਜਕ ਸੰਭਾਲ ਵਿੱਚ ਫੈਸਲੇ ਲੈਣ ਵਾਲਿਆਂ ਨੂੰ ਤੁਹਾਡੇ ਵਿਚਾਰਾਂ ਦੀ ਨੁਮਾਇੰਦਗੀ ਕਰਨਾ।

ਕਾਨੂੰਨ ਅਨੁਸਾਰ, ਉਨ੍ਹਾਂ ਨੂੰ ਹੁਣ ਸਾਨੂੰ ਲਾਜਮੀ ਤੌਰ ਤੇ ਦੱਸਣਾ ਚਾਹੀਦਾ ਹੈ ਕਿ ਉਹ ਤੁਹਾਡੇ ਸੁਝਾਅ ਨਾਲ ਹੁਣ ਕੀ ਕਰਨ ਦੀ ਯੋਜਨਾ ਬਣਾ ਰਹੇ ਹਨ। ਜੇ ਉਹ ਇਸ 'ਤੇ ਕਾਰਵਾਈ ਨਹੀਂ ਕਰ ਸਕਦੇ, ਤਾਂ ਉਨ੍ਹਾਂ ਨੂੰ ਸਾਨੂੰ ਇਹ ਦੱਸਣ ਦੀ ਜ਼ਰੂਰਤ ਹੈ ਕਿ ਤੁਸੀਂ ਪਰਖ ਦੀ ਮਿਆਦ ਵਿੱਚੋਂ ਕਿਉਂ ਲੰਘੋਗੇ ਜੋ ਸਾਨੂੰ ਦੋਵਾਂ ਨੂੰ ਇਹ ਪਤਾ ਲਗਾਉਣ ਦਾ ਮੌਕਾ ਦਿੰਦਾ ਹੈ ਕਿ ਚੀਜ਼ਾਂ ਕਿਵੇਂ ਕੰਮ ਕਰ ਰਹੀਆਂ ਹਨ

**03:** ਅਸੀਂ NHS ਦੁਆਰਾ ਚਲਾਈਆਂ ਜਾਂਦੀਆਂ ਸਾਰੀਆਂ ਸਿਹਤ ਸੇਵਾਵਾਂ ਅਤੇ ਸਮਾਜਕ ਸੰਭਾਲ ਸੇਵਾਵਾਂ ਦੇ ਨਾਲ-ਨਾਲ ਉਨ੍ਹਾਂ ਕੁਝ ਸੇਵਾਵਾਂ ਨੂੰ ਕਵਰ ਕਰਦੇ ਹਾਂ ਜੋ ਸਮਾਜਕ ਸੰਭਾਲ ਤਰਫ਼ੋਂ ਪ੍ਰਬੰਧਿਤ ਕੀਤੀਆਂ ਜਾਂਦੀਆਂ ਹਨ

*(ਸਮਾਜਿਕ ਸੰਭਾਲ ਸਹਾਇਤਾ ਪ੍ਰਾਪਤ ਕਰ ਰਹੇ 18 ਸਾਲ ਤੋਂ ਘੱਟ ਉਮਰ ਦੇ ਬੱਚੇ ਅਤੇ 25 ਸਾਲ ਤੱਕ ਦੇਖਭਾਲ ਛੱਡਣ ਵਾਲੇ ਲੋਕ)

ਲਾਇਸ ਦੇ ਸਾਰੇ ਖੇਤਰੀ ਦਫਤਰ ਇੱਕ ਰਾਸ਼ਟਰੀ ਸੰਸਥਾ ਨਾਲ ਜੁੜੇ ਹੋਏ ਹਨ ਜਿਸਨੂੰ ਲਾਇਸ ਵੇਲਜ਼ ਕਿਹਾ ਜਾਂਦਾ ਹੈ।

ਤੁਸੀਂ ਲਾਇਸ ਵੇਲਜ਼ ਬਾਰੇ ਹੋਰ ਜਾਣਕਾਰੀ ਏਥੇ ਪ੍ਰਾਪਤ ਕਰ ਸਕਦੇ ਹੋ: **www.llaiswales.org**

## ਅਸੀਂ ਕਿਹੜੀਆਂ ਸੇਵਾਵਾਂ ਨੂੰ ਕਵਰ ਕਰਦੇ ਹਾਂ?

ਅਸੀਂ NHS ਦੁਆਰਾ ਚਲਾਈਆਂ ਜਾਂਦੀਆਂ ਸਾਰੀਆਂ ਸਿਹਤ ਸੇਵਾਵਾਂ ਅਤੇ ਸਮਾਜਕ ਸੰਭਾਲ ਸੇਵਾਵਾਂ ਨੂੰ ਕਵਰ ਕਰਦੇ ਹਾਂ, ਜਿਸ ਵਿੱਚ ਕੁਝ ਅਜਿਹੀਆਂ ਵੀ ਸ਼ਾਮਲ ਹਨ ਜੋ ਸਮਾਜਕ ਸੰਭਾਲ ਦੁਆਰਾ ਪ੍ਰਬੰਧਿਤ ਕੀਤੀਆਂ ਜਾਂਦੀਆਂ ਹਨ, ਅਤੇ ਅਸੀਂ ਇਹਨਾਂ ਵਿੱਚੋਂ ਕਿਸੇ ਬਾਰੇ ਵੀ ਜਨਤਾ ਦੇ ਵਿਚਾਰ ਪੁੱਛਾਂਗੇ।




## ਸਾਡੇ ਕੋਲ ਕੀ ਸ਼ਕਤੀਆਂ ਹਨ?

ਅਸੀਂ ਆਪਣੇ ਬੋਰਡ ਅਤੇ ਆਪਣੀਆਂ ਕਾਨੂੰਨੀ ਸ਼ਕਤੀਆਂ ਰਾਹੀਂ ਸੁਤੰਤਰ ਹਾਂ। ਸਾਡੇ ਕੰਮ ਦੀ ਯੋਜਨਾ ਵੇਲਜ਼ ਦੇ ਲੋਕਾਂ ਦੁਆਰਾ ਸਾਡੇ ਨਾਲ ਸਾਂਝੇ ਕੀਤੇ ਗਏ ਸ਼ੰਕਿਆਂ 'ਤੇ ਅਧਾਰਤ ਹੈ।

**ਅਸੀਂ ਇਹ ਕਰ ਸਕਦੇ ਹਾਂ:**

ਉਹਨਾਂ ਥਾਵਾਂ ਵਿੱਚ ਦਾਖਲ ਹੋਣਾ ਅਤੇ ਉਨ੍ਹਾਂ ਨੂੰ ਵੇਖਣਾ ਜਿੱਥੇ ਸਿਹਤ ਅਤੇ/ ਜਾਂ ਸਮਾਜਕ ਸੰਭਾਲ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਲੋੜ ਪੈਣ 'ਤੇ ਹੋਰ ਸੰਗਠਨਾਂ, ਮੰਤਰੀਆਂ ਜਾਂ ਫੈਸਲੇ ਲੈਣ ਵਾਲਿਆਂ ਨਾਲ ਚਿੰਤਾਵਾਂ ਉਠਾਓਣਾ।

ਸਾਡਾ ਇਹ ਵੀ ਫਰਜ਼ ਬਣਦਾ ਹੈ ਕਿ ਅਸੀਂ ਸਿਹਤ ਅਤੇ ਸਮਾਜਕ ਸੰਭਾਲ ਸੇਵਾਵਾਂ ਬਾਰੇ ਜਨਤਾ ਨੂੰ ਜਾਣਕਾਰੀ ਪ੍ਰਦਾਨ ਕਰੀਏ।

## ਅਸੀਂ ਕਿਵੇਂ ਕੰਮ ਕਰਦੇ ਹਾਂ?

ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਣਾ, ਅਸੀਂ ਵੇਲਜ਼ ਵਿੱਚ ਮੌਜੂਦਾ ਸਮੂਹਾਂ ਅਤੇ ਸੰਗਠਨਾਂ ਨਾਲ ਕੰਮ ਕਰਨ ਦੇ ਤਰੀਕੇ ਲੱਭਣ ਦੀ ਕੋਸ਼ਿਸ਼ ਕਰਦੇ ਹਾਂ।

**ਸਾਡੇ ਉਦੇਸ਼ :**

ਸਥਾਨਕ ਵਲੰਟੀਅਰ ਅਤੇ ਭਾਈਚਾਰਕ ਸਮੂਹਾਂ ਨਾਲ ਮਜ਼ਬੂਤ ਸਬੰਧ ਬਣਾਉਣਾ, ਖ਼ਾਸਕਰ ਉਨ੍ਹਾਂ ਕਮਿਊਨਿਟੀਆਂ ਨਾਲ ਕੰਮ ਕਰਨ ਵਾਲਿਆਂ ਨਾਲ ਜਿਨ੍ਹਾਂ ਦੀਆਂ ਆਵਾਜ਼ਾਂ ਓਨੀ ਕੁ ਨਹੀਂ ਸੁਣੀਆਂ ਜਾਂਦੀਆਂ ਜਿੰਨੀਆਂ ਸੁਣੀਆਂ ਜਾਣੀਆਂ ਚਾਹੀਦੀਆਂ ਹਨ।

ਜਾਣਕਾਰੀ ਸਾਂਝੀ ਕਰਨ ਲਈ ਅਤੇ ਇਹ ਪਤਾ ਕਰਨ ਲਈ ਕਿ ਲੋਕਾਂ ਲਈ ਕੀ ਮਹੱਤਵਪੂਰਨ ਹੈ, ਕਮਿਊਨਿਟੀ ਨੈੱਟਵਰਕਾਂ ਵਿੱਚ ਸ਼ਾਮਲ ਹੋਣਾ।

ਸਿਖਲਾਈ ਪ੍ਰਾਪਤ ਵਲੰਟੀਅਰਾਂ ਦੀ ਇੱਕ ਕਮਿਊਨਿਟੀ ਬਣਾਓਣਾ ਜੋ ਲਾਇਸ ਦੀਆਂ ਅੱਖਾਂ ਅਤੇ ਕੰਨ ਬਣ ਸਕਦੇ ਹਨ।

## ਸਾਡਾ ਬੋਰਡ

ਸਾਡਾ ਬੋਰਡ ਹਰ ਸਾਲ ਸਾਡੇ ਦੁਆਰਾ ਕੀਤੇ ਜਾਣ ਵਾਲੇ ਕੰਮ ਦੀ ਯੋਜਨਾਬੰਦੀ ਲਈ ਜ਼ਿੰਮੇਵਾਰ ਹੈ, ਜੋ ਸਥਾਨਕ ਜਨਤਕ ਸੁਝਾਵਾਂ 'ਤੇ ਅਧਾਰਤ ਹੁੰਦਾ ਹੈ।

## ਸਾਡਾ ਸਟਾਫ

ਤੁਹਾਡੀ ਸ਼ਮੂਲੀਅਤ ਦੇ ਹਿੱਸੇ ਵਜੋਂ, ਤੁਸੀਂ ਆਪਣੀ ਖੇਤਰੀ ਟੀਮ ਨੂੰ ਮਿਲੋਗੇ ਅਤੇ ਉਹ ਤੁਹਾਨੂੰ ਇਹ ਸਮਝਣ ਵਿੱਚ ਮਦਦ ਕਰਨਗੇ ਕਿ ਅਸੀਂ ਸਾਰੇ ਮਿਲ ਕੇ ਕਿਵੇਂ ਕੰਮ ਕਰਦੇ ਹਾਂ।

# ਸਾਡੇ ਵਲੰਟੀਅਰ

ਸਾਡੇ ਕੋਲ ਵੇਲਜ਼ ਦੇ ਸਾਰੇ ਖੇਤਰਾਂ ਵਿੱਚ ਵਲੰਟੀਅਰ ਹਨ। ਵਲੰਟੀਅਰ ਕਈ ਕਾਰਨਾਂ ਕਰਕੇ ਸ਼ਾਮਲ ਹੁੰਦੇ ਹਨ। ਕੁਝ ਲੋਕ ਹੋਰ ਲੋਕਾਂ ਦੇ ਜੀਵਨ ਵਿੱਚ ਸਕਾਰਾਤਮਕ ਤਬਦੀਲੀ ਲਿਆਉਣਾ ਚਾਹੁੰਦੇ ਹਨ; ਕੁਝ ਨਵੇਂ ਹੁਨਰ ਵਿਕਸਿਤ ਕਰਨਾ ਚਾਹੁੰਦੇ ਹਨ ਅਤੇ ਕੁਝ ਸਿਰਫ ਨਵੇਂ ਲੋਕਾਂ ਨੂੰ ਮਿਲਣਾ ਅਤੇ ਮਜ਼ੇ ਕਰਨਾ ਚਾਹੁੰਦੇ ਹਨ।

ਹਰ ਉਹ ਵਿਅਕਤੀ ਜੋ ਸਾਡੇ ਲਈ ਵਲੰਟੀਅਰ ਦਾ ਕੰਮ ਕਰਦਾ ਹੈ, **ਸਾਡੇ ਕੰਮ ਲਈ ਮਹੱਤਵਪੂਰਨ ਹੈ।**

# ਵਲੰਟੀਅਰ ਦੀ ਭੂਮਿਕਾਵਾਂ

ਲਾਇਸ ਵਿਖੇ ਸਾਡੇ ਕੋਲ ਕਈ ਵਲੰਟੀਅਰ ਭੂਮਿਕਾਵਾਂ ਹਨ। ਇਹਨਾਂ ਵਿੱਚ ਸ਼ਾਮਲ ਹਨ:

ਔਨਲਾਈਨ ਸੁਝਾਅ (ਫੀਡਬੈਕ) ਕਲੈਕਟਰ

ਸਿਹਤ ਅਤੇ ਸਮਾਜਕ ਸੰਭਾਲ ਸੇਵਾਵਾਂ ਦੇ ਲੋਕਾਂ ਦੇ ਤਜ਼ਰਬਿਆਂ ਬਾਰੇ ਆਨਲਾਈਨ ਛੱਡੀ ਗਈ ਫੀਡਬੈਕ ਇਕੱਤਰਤ ਕਰਨਾ।

ਵਿਜ਼ਿਟਿੰਗ ਵਲੰਟੀਅਰ

ਤੁਸੀਂ ਲੋਕਾਂ ਨੂੰ ਆਨਲਾਈਨ ਜਾਂ ਸਿਹਤ ਅਤੇ ਸਮਾਜਕ ਸੰਭਾਲ ਸੈਟਿੰਗਾਂ ਵਿਖੇ ਪਹਿਲਾਂ ਤੋਂ ਪ੍ਰਬੰਧਿਤ ਮੁਲਾਕਾਤਾਂ 'ਤੇ ਵਿਅਕਤੀਗਤ ਤੌਰ 'ਤੇ ਮਿਲੋਂਗੇ ਤਾਂ ਜੋ ਇਹ ਸਮਝਿਆ ਜਾ ਸਕੇ ਕਿ ਉਨ੍ਹਾਂ ਨੂੰ ਕੀ ਲੱਗਦਾ ਹੈ ਕਿ ਕੀ ਕੰਮ ਕਰਦਾ ਹੈ ਅਤੇ ਕੀ ਬਿਹਤਰ ਹੋ ਸਕਦਾ ਹੈ।



ਕਮਿਊਨਿਟੀ ਏਂਗੇਜਮੇਂਟ ਵਲੰਟੀਅਰ

ਤੁਸੀਂ ਸਿਹਤ ਅਤੇ ਸਮਾਜਕ ਸੰਭਾਲ ਸੇਵਾਵਾਂ ਪ੍ਰਤੀ ਲੋਕਾਂ ਦੇ ਵਿਚਾਰਾਂ ਅਤੇ ਤਜ਼ਰਬਿਆਂ ਨੂੰ ਕੈਪਚਰ ਕਰਨ ਲਈ, ਕਮਿਊਨਟੀ ਵਿੱਚ ਆਨਲਾਈਨ ਅਤੇ ਆਮ੍ਹੋ-ਸਾਮ੍ਹਣੇ ਉਨ੍ਹਾਂ ਨੂੰ ਮਿਲਣ ਲਈ ਇੱਕ ਸਥਾਨਕ ਲਾਇਸ ਟੀਮ ਵਿੱਚ ਸ਼ਾਮਲ ਹੋਵੋਂਗੇ।

ਰਿਪ੍ਰੇਸੇਂਟੇਸ਼ਨ ਵਲੰਟੀਅਰ

ਤੁਸੀਂ ਲਾਇਸ ਦੀ ਤਰਫੋਂ ਮੀਟਿੰਗਾਂ ਅਤੇ ਸਮਾਗਮਾਂ ਵਿੱਚ ਸ਼ਾਮਲ ਹੋਵੋਗੇ, ਸਾਡਾ ਦ੍ਰਿਸ਼ਟੀਕੋਣ ਅੱਗੇ ਰੱਖੋਗੇ, ਅਤੇ ਸੰਬੰਧਿਤ ਜਾਣਕਾਰੀ ਲਈ ਫੀਡਬੈਕ ਲਈ ਮੀਟਿੰਗ ਦੇ ਨੋਟਸ ਬਣਾਓਗੇ।

ਇੱਕ ਵਲੰਟੀਅਰ ਵਜੋਂ ਤੁਸੀਂ ਕਈ ਭੂਮਿਕਾਵਾਂ ਨਿਭਾਉਣ ਦੀ ਇੱਛਾ ਰੱਖ ਸਕਦੇ ਹੋ, ਜਾਂ ਤੁਸੀਂ ਉਹਨਾਂ ਖੇਤਰਾਂ ਦੀ ਚੋਣ ਕਰ ਸਕਦੇ ਹੋ ਜਿਨ੍ਹਾਂ ਵਿੱਚ ਤੁਹਾਡੀ ਵਿਸ਼ੇਸ਼ ਦਿਲਚਸਪੀ ਹੈ। ਅਸੀਂ ਤੁਹਾਡੇ ਨਾਲ ਇਸ ਬਾਰੇ ਵਿਚਾਰ-ਵਟਾਂਦਰਾ ਅਤੇ ਸਹਿਮਤੀ ਕਰਾਂਗੇ।

# ਤੁਹਾਡੇ ਪ੍ਰਤੀ ਸਾਡੀ ਵਚਨਬੱਧਤਾ

ਸਾਡੇ ਖੇਤਰੀ ਸੰਚਾਲਨ ਮੈਨੇਜਰ ਲਾਇਸ ਨਾਲ ਵਲੰਟੀਅਰਿੰਗ ਕੰਮ ਕਰਨ ਵਿੱਚ ਤੁਹਾਡੀ ਸਹਾਇਤਾ ਅਤੇ ਮਾਰਗ ਦਰਸ਼ਨ ਕਰਨਗੇ।

**ਅਸੀਂ ਇਹ ਕਰਾਂਗੇ:**

ਹਮੇਸ਼ਾ ਤੁਹਾਡੇ ਨਾਲ ਆਦਰ, ਸੋਚ-ਸਮਝ ਅਤੇ ਕਦਰ ਨਾਲ ਵਿਵਹਾਰ ਕਰਾਂਗੇ।

ਯਕੀਨੀ ਬਣਾਵਾਂਗੇ ਕਿ ਤੁਹਾਨੂੰ ਇਸ ਬਾਰੇ ਸਪੱਸ਼ਟ ਅੰਦਾਜ਼ਾ ਹੋਵੇ ਕਿ ਤੁਹਾਨੂੰ ਕੀ ਕਰਨ ਦੀ ਲੋੜ ਹੈ।

ਤੁਹਾਨੂੰ ਵਲੰਟੀਅਰਿੰਗ ਬਾਰੇ ਸਹੀ ਤਰ੍ਹਾਂ ਦੱਸਾਂਗੇ।

ਤੁਹਾਨੂੰ ਉਪਲਬਧ ਸਿਖਲਾਈ ਅਤੇ ਸਹਾਇਤਾ ਬਾਰੇ ਜਾਣਕਾਰੀ ਦੇਵਾਂਗੇ।

ਅਸੀਂ ਕਦੇ ਵੀ ਤੁਹਾਡੇ ਤੋਂ ਕਿਸੇ ਅਜਿਹੇ ਕੰਮ ਨੂੰ ਪੂਰਾ ਕਰਨ ਦੀ ਉਮੀਦ ਨਹੀਂ ਕਰਾਂਗੇ ਜਿਸ ਨਾਲ ਤੁਸੀਂ ਸਹਿਜ ਨਾ ਹੋਵੋ।

ਉਹਨਾਂ ਤਰੀਕਿਆਂ ਦਾ ਪਤਾ ਲਗਾਉਣ ਲਈ ਤੁਹਾਨੂੰ ਨਿਯਮਿਤ ਤੌਰ 'ਤੇ ਮਿਲਣ ਦਾ ਪ੍ਰਬੰਧ ਕਰਾਂਗੇ ਜਿੰਨ੍ਹਾਂ ਨਾਲ ਅਸੀਂ ਤੁਹਾਨੂੰ ਅਤੇ ਤੁਹਾਡੇ ਹੁਨਰਾਂ ਨੂੰ ਵਿਕਸਤ ਕਰਨ ਵਿੱਚ ਮਦਦ ਕਰ ਸਕਦੇ ਹਾਂ।

ਤੁਹਾਨੂੰ ਨਿਰਪੱਖ, ਈਮਾਨਦਾਰ ਅਤੇ ਸਮੇਂ ਸਿਰ ਫੀਡਬੈਕ ਦੀ ਪੇਸ਼ਕਸ਼ ਕਰਾਂਗੇ।

ਤੁਹਾਨੂੰ ਇਸ ਬਾਰੇ ਅਪਡੇਟ ਕਰਾਂਗੇ ਕਿ ਤੁਸੀਂ ਕਿਵੇਂ ਬਦਲਾਅ ਲਿਆਇਆ ਹੈ।|



# ਅਸੀਂ ਤੁਹਾਡੀ ਸਹਾਇਤਾ ਕਿਵੇਂ ਕਰਾਂਗੇ

## 01: ਸ਼ਮੂਲੀਅਤ (ਇੰਡਕਸ਼ਨ)

ਤੁਹਾਡਾ ਖੇਤਰੀ ਸੰਚਾਲਨ ਮੈਨੇਜਰ ਤੁਹਾਡੀ ਸਥਾਨਕ ਲਾਇਸ ਸਟਾਫ ਅਤੇ ਵਲੰਟੀਅਰਾਂ ਨਾਲ ਜਾਣ-ਪਛਾਣ ਕਰਵਾਏਗਾ ਜਿਨ੍ਹਾਂ ਨਾਲ ਤੁਸੀਂ ਵਲੰਟੀਅਰਾਂ ਵਾਲਾ ਕੰਮ ਕਰੋਂਗੇ ਅਤੇ ਪੂਰੀ ਹੈਂਡਬੁੱਕ ਬਾਰੇ ਤੁਹਾਡੇ ਨਾਲ ਗੱਲ ਕਰੇਗਾ। ਉਹ ਤੁਹਾਨੂੰ ਅਤੇ ਹੋਰਨਾਂ ਨੂੰ ਸੁਰੱਖਿਅਤ ਰੱਖਣ ਲਈ ਸਾਰੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਬਾਰੇ ਦੱਸੇਗਾ।

ਇਸ ਵਿੱਚ ਪਰੀਖਣ ਦੀ ਇੱਕ ਮਿਆਦ ਹੋਵੇਗੀ ਜੋ ਸਾਨੂੰ ਸਾਰਿਆਂ ਨੂੰ ਇਹ ਪਤਾ ਲਗਾਉਣ ਦਾ ਮੌਕਾ ਦਿੰਦੀ ਹੈ ਕਿ ਚੀਜ਼ਾਂ ਕਿਵੇਂ ਕੰਮ ਕਰ ਰਹੀਆਂ ਹਨ।

## 02: ਸਿੱਖਣਾ ਅਤੇ ਵਿਕਾਸ ਕਰਨਾ

ਅਸੀਂ ਚਾਹੁੰਦੇ ਹਾਂ ਕਿ ਤੁਸੀਂ ਆਪਣੀ ਭੂਮਿਕਾ ਵਿੱਚ ਖੁਸ਼ੀ ਅਤੇ ਆਤਮਵਿਸ਼ਵਾਸ ਮਹਿਸੂਸ ਕਰੋ। ਤੁਹਾਡਾ ਖੇਤਰੀ ਸੰਚਾਲਨ ਮੈਨੇਜਰ ਉਸ ਸਿਖਲਾਈ ਦਾ ਪਤਾ ਲਗਾਵੇਗਾ ਜਿਸ ਨਾਲ ਤੁਸੀਂ ਸਹਿਮਤ ਹੋਏ ਹੋ, ਜੋ ਇੱਕ ਲਾਇਸ ਵਲੰਟੀਅਰ ਵਜੋਂ ਸਾਡੇ ਨਾਲ ਵਲੰਟੀਅਰਿੰਗ ਦਾ ਕੰਮ ਕਰਨ ਵਿੱਚ ਤੁਹਾਡੀ ਮਦਦ ਕਰੇਗੀ।

## 03: ਸਹਾਇਤਾ

ਕਿਰਪਾ ਕਰਕੇ ਉਸ ਸਭ ਦਾ ਨੋਟ ਬਣਾਓ ਕਿ ਹਰੇਕ ਕੰਮ ਤੁਸੀਂ ਕਿਵੇਂ ਕੀਤਾ ਸੀ, ਤੁਸੀਂ ਕੀ ਕੀਤਾ ਸੀ, ਤੁਹਾਨੂੰ ਕਿਸ ਦਾ ਅਨੰਦ ਆਇਆ ਸੀ ਅਤੇ ਕਿਹੜੇ ਮੁੱਦੇ ਸਾਹਮਣੇ ਆਏ ਸਨ।




ਹਰੇਕ ਵਲੰਟੀਅਰ ਦੀ ਇੱਕ ਸਮੀਖਿਆ ਮੀਟਿੰਗ ਹੋਵੇਗੀ, ਜਾਂ ਤਾਂ ਵਿਅਕਤੀਗਤ ਤੌਰ 'ਤੇ, ਆਨਲਾਈਨ ਜਾਂ ਫ਼ੋਨ ਰਾਹੀਂ, ਅਤੇ ਤੁਸੀਂ ਸਹਿਮਤ ਹੋ ਸਕਦੇ ਹੋ ਕਿ ਤੁਸੀਂ ਆਪਣੇ ਖੇਤਰੀ ਸੰਚਾਲਨ ਮੈਨੇਜਰ ਨਾਲ ਅਕਸਰ ਕਿੰਨੀ ਵਾਰ ਮਿਲੋਗੇ। ਇਹ ਵਲੰਟੀਅਰਾਂ ਅਤੇ ਸਟਾਫ ਲਈ ਇੱਕ ਦੂਜੇ ਨੂੰ ਅੱਪਡੇਟ ਕਰਨ, ਮੁੱਦਿਆਂ ਨੂੰ ਉਠਾਉਣ ਅਤੇ ਲਾਇਸ ਨਾਲ ਤੁਹਾਡੇ ਕੰਮ ਬਾਰੇ ਸੰਪਰਕ ਵਿੱਚ ਰਹਿਣ ਦਾ ਇੱਕ ਮੌਕਾ ਹੈ।

# ਅਸੀਂ ਤੁਹਾਡੇ ਤੋਂ ਕੀ ਉਮੀਦ ਕਰਦੇ ਹਾਂ

ਲਾਇਸ ਸਾਡੇ ਸਾਰੇ ਵਲੰਟੀਅਰਾਂ ਤੋਂ ਉੱਚ ਮਿਆਰਾਂ ਦੀ ਉਮੀਦ ਕਰਦਾ ਹੈ। ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਆਪਣੀ ਭੂਮਿਕਾ ਦਾ ਵੱਧ ਤੋਂ ਵੱਧ ਲਾਭ ਉਠਾਉਂਦੇ ਹੋ, ਵਲੰਟੀਅਰ ਇਹ ਕਰਨਗੇ:

ਹਮੇਸ਼ਾ ਲਾਇਸ ਵਲੰਟੀਅਰਾਂ, ਸਟਾਫ ਅਤੇ ਹੋਰਨਾਂ ਨਾਲ ਆਦਰ, ਸੋਚ-ਸਮਝ ਅਤੇ ਕਦਰ ਨਾਲ ਵਿਵਹਾਰ ਕਰੋਗੇ।

ਜਦੋਂ ਵੀ ਤੁਸੀਂ ਲਾਇਸ ਦੀ ਨੁਮਾਇੰਦਗੀ ਕਰਦੇ ਹੋ ਤਾਂ ਪੇਸ਼ੇਵਰ ਤਰੀਕੇ ਨਾਲ ਕੰਮ ਕਰੋਗੇ।

ਇਸ ਤਰੀਕੇ ਨਾਲ ਕੰਮ ਕਰੋਗੇ ਜਿਸ ਤੋਂ ਕਿਸੇ ਨਾਲ ਵੀ ਪੱਖਪਾਤੀ ਨਾ ਹੋਵੇ ਜਾਂ ਕਿਸੇ ਨੂੰ ਬਾਹਰ ਨਾ ਰੱਖਿਆ ਜਾਵੇ।

ਜੇ ਤੁਸੀਂ ਲਾਇਸ ਨਾਲ ਕਿਸੇ ਸਮਾਗਮ ਵਿੱਚ ਸ਼ਾਮਲ ਨਹੀਂ ਹੋ ਸਕਦੇ, ਜਾਂ ਜੇਕਰ ਤੁਸੀਂ ਹੁਣ ਅੱਗੇ ਤੋਂ ਵਲੰਟੀਅਰ ਬਣੇ ਨਹੀਂ ਰਹਿਣਾ ਚਾਹੁੰਦੇ ਤਾਂ ਸਾਨੂੰ ਜਿੰਨਾ ਹੋ ਸਕੇ ਪਹਿਲਾਂ ਤੋਂ ਦੱਸੋ।

ਜੇ ਤੁਸੀਂ ਆਪਣੀ ਭੂਮਿਕਾ ਨੂੰ ਪੂਰੀ ਤਰ੍ਹਾਂ ਨਹੀਂ ਸਮਝਦੇ, ਜਾਂ ਇਸ ਬਾਰੇ ਕਿ ਤੁਸੀਂ ਕਿਸ ਚੀਜ਼ ਲਈ ਜ਼ਿੰਮੇਵਾਰ ਹੋ, ਜਾਂ ਕਿਸੇ ਹੋਰ ਮਦਦ ਦੀ ਲੋੜ ਹੈ ਤਾਂ ਆਪਣੇ ਖੇਤਰੀ ਸੰਚਾਲਨ ਮੈਨੇਜਰ ਨੂੰ ਪੁੱਛੋ।

## ਭਰੋਸੇਯੋਗਤਾ ਅਤੇ ਵਚਨਬੱਧਤਾ

ਇਹ ਮਹੱਤਵਪੂਰਨ ਹੈ ਕਿ ਤੁਹਾਡੇ ਉੱਪਰ ਭਰੋਸਾ ਕੀਤਾ ਜਾ ਸਕਦਾ ਹੈ ਅਤੇ ਸਾਡੇ ਨਾਲ ਕੀਤੇ ਗਏ ਪ੍ਰਬੰਧਾਂ 'ਤੇ ਕਾਇਮ ਰਹਿ ਸਕਦੇ ਹੋ। ਜੇ ਤੁਹਾਡੇ ਹਾਲਾਤ ਬਦਲਦੇ ਹਨ ਅਤੇ ਤੁਸੀਂ ਵਲੰਟੀਅਰ ਬਣੇ ਨਹੀਂ ਰਹਿ ਸਕਦੇ, ਤਾਂ ਕਿਰਪਾ ਕਰਕੇ ਜਿੰਨੀ ਜਲਦੀ ਹੋ ਸਕੇ ਆਪਣੇ ਖੇਤਰੀ ਸੰਚਾਲਨ ਮੈਨੇਜਰ ਨੂੰ ਇਸ ਬਾਰੇ ਦੱਸੋ। ਜੇ ਤੁਸੀਂ ਛੁੱਟੀਆਂ 'ਤੇ ਜਾਣ ਦੀ ਯੋਜਨਾ ਬਣਾ ਰਹੇ ਹੋ, ਤਾਂ ਕਿਰਪਾ ਕਰਕੇ ਉਨ੍ਹਾਂ ਨੂੰ ਦੱਸੋ ਕਿ ਤੁਸੀਂ ਕਦੋਂ ਉਪਲਬਧ ਨਹੀਂ ਹੋਵੋਂਗੇ ਅਤੇ ਤੁਸੀਂ ਕਦੋਂ ਵਾਪਸ ਆਉਣ ਦੀ ਯੋਜਨਾ ਬਣਾ ਰਹੇ ਹੋ।

## ਵਿਵਹਾਰਕ ਮਿਆਰ ਮੀਟਿੰਗਾਂ

ਸਾਡੀ ਇੱਕ ਵਿਵਹਾਰਕ ਮਿਆਰ ਨੀਤੀ ਹੈ ਜਿਸ ਵਿੱਚ ਹੇਠ ਲਿਖੀਆਂ ਚੀਜ਼ਾਂ ਸ਼ਾਮਲ ਹਨ:
ਵਰਚੁਅਲ ਮੀਟਿੰਗ ਦੀ ਤਿਆਰੀ

- ਆਪਣੀ ਡਾਇਰੀ ਚੈੱਕ ਕਰੋ ਅਤੇ ਇਹ ਯਕੀਨੀ ਬਣਾਓ ਕਿ ਤੁਹਾਡੇ ਕੋਲ ਡਾਇਰੀ ਦਾ ਸੱਦਾ ਹੈ।
- ਢੁਕਵੇਂ ਕੱਪੜੇ ਪਹਿਨੋ ਅਤੇ ਇੱਕ ਕਾਰਜ ਸਥਾਨ ਕਾਇਮ ਕਰੋ। ਯਕੀਨੀ ਬਣਾਓ ਕਿ ਤੁਹਾਡੇ ਪਿੱਛੇ ਦਾ ਪਿਛੋਕੜ ਪੇਸ਼ੇਵਰਾਨਾ ਹੈ।
- ਇਸ ਬਾਰੇ ਸੋਚੋ ਕਿ ਕੀ ਕੋਈ ਅਜਿਹੀ ਚੀਜ਼ ਤਾਂ ਨਹੀਂ ਹੈ ਜੋ ਅਪਮਾਨਜਨਕ ਹੋ ਸਕਦੀ ਹੈ, ਜਿਵੇਂ ਕਿ ਸਲੋਗਨ ਵਾਲਾ ਮਗ ਜਾਂ ਪੋਸਟਰ।
- ਵਰਚੁਅਲ ਮੀਟਿੰਗਾਂ ਵਿੱਚ, ਜੇ ਤੁਸੀਂ ਪਹਿਲਾਂ ਤੋਂ ਜਾਣਦੇ ਹੋ ਕਿ ਤੁਸੀਂ ਕੋਈ ਅਜਿਹੀ ਚੀਜ਼ ਉਭਾਰਨਾ ਚਾਹੁੰਦੇ ਹੋ ਜੋ ਏਜੰਡੇ ਵਿੱਚ ਨਹੀਂ ਹੈ, ਤਾਂ ਕਿਰਪਾ ਕਰਕੇ ਵਰਚੁਅਲ ਮੀਟਿੰਗ ਤੋਂ ਪਹਿਲਾਂ ਚੇਅਰ/ਲੀਡ ਨਾਲ ਇਸ ਬਾਰੇ ਵਿਚਾਰ-ਵਟਾਂਦਰਾ ਕਰੋ।
- ਯਾਦ ਰੱਖੋ ਕਿ ਮੀਟਿੰਗ ਦੌਰਾਨ ਅਤੇ ਬਾਅਦ ਵਿੱਚ ਮੀਟਿੰਗ ਵਿੱਚ ਹਰ ਕਿਸੇ ਲਈ 'ਚੈਟ' ਦੀ ਸਹੂਲਤ ਉਪਲਬਧ ਹੈ।

# ਜ਼ਰੂਰੀ ਨੀਤੀਆਂ ਅਤੇ ਪ੍ਰਕਿਰਿਆਵਾਂ

ਕਿਰਪਾ ਕਰਕੇ ਹੇਠ ਲਿਖੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਪੜ੍ਹਨ ਅਤੇ ਆਪਣੇ ਆਪ ਨੂੰ ਜਾਣੂ ਕਰਵਾਉਣ ਲਈ ਕੁਝ ਮਿੰਟ ਲਓ।

## ਖਰਚੇ

ਅਸੀਂ ਇਹ ਸੁਨਿਸ਼ਚਿਤ ਕਰਨਾ ਚਾਹੁੰਦੇ ਹਾਂ ਕਿ ਸਾਡੇ ਨਾਲ ਵਲੰਟੀਅਰਿੰਗ ਦਾ ਕੰਮ ਕਰਨ ਕਾਰਨ ਵਲੰਟੀਅਰਾਂ ਦੀ ਜੇਬ ਖਾਲੀ ਨਾ ਹੋਵੇ। ਅਸੀਂ ਤੁਹਾਡੀ ਲਾਇਸ ਭੂਮਿਕਾ ਦੇ ਕਾਰਨ ਸਿੱਧੇ ਤੌਰ 'ਤੇ ਹੋਣ ਵਾਲੇ ਖਰਚਿਆਂ ਦਾ ਤੁਹਾਨੂੰ ਮੁੜ-ਭੁਗਤਾਨ ਕਰਾਂਗੇ।

ਵਲੰਟੀਅਰ ਖਰਚਿਆਂ ਦੇ ਫਾਰਮ ਭਰਦੇ ਹਨ - ਜਾਂ ਤਾਂ ਇਲੈਕਟ੍ਰਾਨਿਕ ਤੌਰ 'ਤੇ ਜਾਂ ਕਾਗਜ਼ 'ਤੇ - ਅਤੇ ਇਹ ਹਰ ਮਹੀਨੇ ਦੀ 8 ਤਾਰੀਖ ਤੱਕ ਭੇਜੇ ਜਾਣੇ ਚਾਹੀਦੇ ਹਨ।

ਆਪਣੇ ਖੇਤਰੀ ਸੰਚਾਲਨ ਮੈਨੇਜਰ ਨਾਲ ਵਿਚਾਰ-ਵਟਾਂਦਰਾ ਕਰੋ ਕਿ ਤੁਸੀਂ ਜਨਤਕ ਆਵਾਜਾਈ, ਜਾਂ ਆਪਣੀ ਕਾਰ ਦੀ ਵਰਤੋਂ ਲਈ ਕੀ ਕੁਝ ਲਈ ਮੰਗ ਕਰ ਸਕਦੇ ਹੋ।
ਕਿਰਪਾ ਕਰਕੇ ਰਸੀਦਾਂ ਅਤੇ ਰਿਕਾਰਡ ਰੱਖੋ ਕਿ ਤੁਸੀਂ ਕਿੱਥੇ ਗਏ ਹੋ। ਜੇ ਤੁਸੀਂ ਇੱਕ ਸੈਸ਼ਨ ਵਿੱਚ ਤਿੰਨ ਘੰਟੇ ਜਾਂ ਇਸ ਤੋਂ ਵੱਧ ਸਮੇਂ ਲਈ ਵਲੰਟੀਅਰਿੰਗ ਦਾ ਕੰਮ ਕਰਦੇ ਹੋ, ਤਾਂ ਤੁਸੀਂ ਭੋਜਨ ਅਤੇ/ਜਾਂ ਪੀਣ ਵਾਲੇ ਪਦਾਰਥਾਂ ਲਈ ਮੰਗ ਕਰਨ ਦੇ ਯੋਗ ਹੋ ਸਕਦੇ ਹੋ।

ਖਰਚਿਆਂ ਦਾ ਭੁਗਤਾਨ ਸਿੱਧਾ ਤੁਹਾਡੇ ਬੈਂਕ ਖਾਤੇ ਵਿੱਚ ਕੀਤਾ ਜਾਵੇਗਾ। ਪੂਰੇ ਵੇਰਵਿਆਂ ਲਈ ਸਾਡੀ ਵਲੰਟੀਅਰ ਖਰਚ ਨੀਤੀ ਪੜ੍ਹੋ।




## ਕਾਰ ਦੁਆਰਾ ਯਾਤਰਾ ਕਰਨਾ

ਜੇ ਤੁਸੀਂ ਕਿਸੇ ਲਾਇਸ ਸਬੰਧੀ ਕੰਮ ਲਈ ਆਪਣੀ ਖੁਦ ਦੀ ਕਾਰ ਦੀ ਵਰਤੋਂ ਕਰਦੇ ਹੋ, ਇੱਥੋਂ ਤੱਕ ਕਿ ਕਿਸੇ ਸਥਾਨ 'ਤੇ ਆਉਣ ਅਤੇ ਜਾਣ ਲਈ ਯਾਤਰਾ ਕਰਦੇ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੀ ਕਾਰ ਬੀਮਾ ਕੰਪਨੀ ਨੂੰ ਇਸ ਬਾਰੇ ਦੱਸਣਾ ਚਾਹੀਦਾ ਹੈ।

ਜ਼ਿਆਦਾਤਰ ਬੀਮਾ ਕੰਪਨੀਆਂ ਵਲੰਟੀਅਰਾਂ ਲਈ ਕਾਰ ਯਾਤਰਾਵਾਂ ਨੂੰ ਬਿਨਾਂ ਕਿਸੇ ਵਾਧੂ ਚਾਰਜ ਦੇ ਕਵਰ ਕਰਨ ਲਈ ਸਹਿਮਤ ਹੁੰਦੀਆਂ ਹਨ। ਅਸੀ ਚਾਹੁੰਦੇ ਹਾਂ ਕਿ ਤੁਸੀਂ ਆਪਣੀ ਅਪਣੀ ਬੀਮਾ ਕੰਪਨੀ ਨਾਲ ਇਸ ਦੀ ਜਾਂਚ ਕਰੋ।

**ਤੁਹਾਡੇ ਕਾਰ ਬੀਮੇ ਨੂੰ ਲਾਇਸ ਦੁਆਰਾ ਕਵਰ ਨਹੀਂ ਕੀਤਾ ਜਾਵੇਗਾ।**

# ਆਚਰਣ ਦਾ ਕੋਡ

ਸਾਡੀ ਇੱਕ ਆਚਰਣ ਕੋਡ ਨੀਤੀ ਹੈ ਜਿਸ ਵਿੱਚ ਹੇਠ ਲਿਖੀਆਂ ਚੀਜ਼ਾਂ ਸ਼ਾਮਲ ਹਨ:

**ਤੋਹਫ਼ੇ:** ਤੋਹਫ਼ੇ ਦੇਣਾ ਜਾਂ ਪ੍ਰਾਪਤ ਕਰਨਾ ਅਜਿਹਾ ਲੱਗ ਸਕਦਾ ਹੈ ਜਿਵੇਂ ਅਸੀਂ ਕੁਝ ਲੋਕਾਂ ਨਾਲ ਵੱਖਰਾ ਜਿਹਾ ਵਿਵਹਾਰ ਕਰ ਰਹੇ ਹਾਂ ਅਤੇ ਇਹ ਇਸ ਗੱਲ ਨੂੰ ਪ੍ਰਭਾਵਿਤ ਕਰ ਸਕਦਾ ਹੈ ਕਿ ਲੋਕ ਉਸ ਸਹਾਇਤਾ ਦੇ ਪੱਧਰ ਬਾਰੇ ਕੀ ਉਮੀਦ ਕਰਦੇ ਹਨ ਜੋ ਤੁਸੀਂ ਉਨ੍ਹਾਂ ਨੂੰ ਦੇ ਸਕਦੇ ਹੋ। ਅਸੀਂ ਬੇਨਤੀ ਕਰਦੇ ਹਾਂ ਕਿ ਵਲੰਟੀਅਰ ਸਟਾਫ ਜਾਂ ਲਾਇਸ ਤੋਂ ਸਹਾਇਤਾ ਪ੍ਰਾਪਤ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਨਿੱਜੀ ਤੋਹਫ਼ੇ ਨਾ ਤਾਂ ਦੇਣ ਅਤੇ ਨਾ ਹੀ ਉਨ੍ਹਾਂ ਤੋਂ ਇਹ ਪ੍ਰਾਪਤ ਕਰਨ।

**ਅਸੀਂ ਕਿਵੇਂ ਗੱਲ ਕਰਦੇ ਹਾਂ:** ਲਾਇਸ ਲਈ ਵਲੰਟੀਅਰਿੰਗ ਦਾ ਕੰਮ ਕਰਦੇ ਸਮੇਂ, ਅਸੀਂ ਭਾਸ਼ਾ ਦੀ ਇੱਕ ਖਾਸ ਸ਼ੈਲੀ ਦੀ ਵਰਤੋਂ ਕਰਦੇ ਹਾਂ। ਸਾਡੀ 'ਆਵਾਜ਼' ਲੋਕਾਂ ਨੂੰ ਇਹ ਸਮਝਣ ਵਿੱਚ ਮਦਦ ਕਰਨ ਲਈ ਮਹੱਤਵਪੂਰਨ ਹੈ ਕਿ ਅਸੀਂ ਕੌਣ ਹਾਂ ਅਤੇ ਅਸੀਂ ਕੀ ਕਰਦੇ ਹਾਂ। ਸਾਨੂੰ ਇਕਸਾਰ, ਸਪੱਸ਼ਟ ਅਤੇ ਸਮਝਣ ਵਿੱਚ ਆਸਾਨ ਹੋਣ ਦੀ ਲੋੜ ਹੁੰਦੀ ਹੈ। ਚਾਹੇ ਤੁਸੀਂ ਲਾਇਸ ਦੀ ਤਰਫੋਂ ਬੋਲ ਰਹੇ ਹੋਵੋ, ਜਾਂ ਕੋਈ ਈਮੇਲ ਜਾਂ ਚਿੱਠੀ ਲਿਖ ਰਹੇ ਹੋਵੋ, ਤੁਹਾਡੇ ਦੁਆਰਾ ਲਾਇਸ 'ਟੋਨ ਆਫ ਵੌਇਸ' ਦੀ ਵਰਤੋਂ ਕਰਨਾ ਮਹੱਤਵਪੂਰਨ ਹੈ। ਤੁਹਾਡਾ ਖੇਤਰੀ ਸੰਚਾਲਨ ਮੈਨੇਜਰ ਇਸ ਵਿੱਚ ਤੁਹਾਡੀ ਮਦਦ ਕਰੇਗਾ।

**ਅਸੀਂ ਕੀ ਪਹਿਨਦੇ ਹਾਂ:** ਲਾਇਸ ਲਈ ਇੱਕ ਵਲੰਟੀਅਰ ਵਜੋਂ, ਤੁਸੀਂ ਸੈਲਾਨੀਆਂ, ਗਾਹਕਾਂ ਅਤੇ ਕਮਿਊਨਟੀ ਲਈ ਲਾਇਸ ਦੀ ਨੁਮਾਇੰਦਗੀ ਕਰਦੇ ਹੋ।

ਤੁਹਾਨੂੰ ਜਿਨ੍ਹਾਂ ਕਿਰਿਆਵਾਂ ਨੂੰ ਕਰਨ ਲਈ ਕਿਹਾ ਜਾਂਦਾ ਹੈ, ਉਨ੍ਹਾਂ ਨੂੰ ਕਰਨ ਲਈ ਕਿਰਪਾ ਕਰਕੇ ਢੁਕਵੇਂ ਕੱਪੜੇ ਪਹਿਨਣ ਲਈ ਆਪਣੇ ਵਿਵੇਕ ਦੀ ਵਰਤੋਂ ਕਰੋ।। ਅਸੀਂ ਤੁਹਾਡੇ ਦੁਆਰਾ ਆਪਣੀਆਂ ਡਿਊਟੀਆਂ ਨਿਭਾਉਂਦੇ ਸਮੇਂ ਪਹਿਨਣ ਲਈ ਤੁਹਾਡੇ ਲਈ ਲਾਇਸ ਬ੍ਰਾਂਡ ਦੇ ਕੱਪੜੇ ਪ੍ਰਦਾਨ ਕਰ ਸਕਦੇ ਹਾਂ। ਜੇ ਤੁਸੀਂ ਕਦੇ ਵੀ ਇਸ ਬਾਰੇ ਅਨਿਸ਼ਚਿਤ ਹੁੰਦੇ ਹੋ ਕਿ ਕੀ ਪਹਿਨਣਾ ਹੈ, ਤਾਂ ਆਪਣੇ ਖੇਤਰੀ ਸੰਚਾਲਨ ਮੈਨੇਜਰ ਨੂੰ ਪੁੱਛੋ।



# ਹਿੱਤਾਂ ਦੇ ਟਕਰਾਅ

ਸਾਨੂੰ ਅਹਿਸਾਸ ਹੈ ਕਿ ਹੋ ਸਕਦਾ ਹੈ ਕਿ ਵਲੰਟੀਅਰ ਕਈ ਵਾਰ ਲਾਇਸ ਨਾਲ ਜੁੜੇ ਲੋਕਾਂ ਨੂੰ ਨਿੱਜੀ ਤੌਰ 'ਤੇ ਜਾਣਦੇ ਹੋਣ - ਦੋਸਤਾਂ, ਪਰਿਵਾਰ ਜਾਂ ਸਹਿਕਰਮੀਆਂ ਦੇ ਰੂਪ ਵਿੱਚ।




ਕਿਉਂਕਿ ਅਸੀਂ ਜਨਤਾ ਦੀ ਨੁਮਾਇੰਦਗੀ ਕਰਦੇ ਹਾਂ, ਇਸ ਲਈ ਸਾਨੂੰ ਖੁੱਲ੍ਹਾ, ਈਮਾਨਦਾਰ ਅਤੇ ਨਿਰਪੱਖ ਹੋਣਾ ਚਾਹੀਦਾ ਹੈ। ਕਿਰਪਾ ਕਰਕੇ ਸਾਡੀ ਹਿੱਤਾਂ ਦੇ ਟਕਰਾਅ ਦੀ ਨੀਤੀ ਨੂੰ ਪੜ੍ਹੋ ਅਤੇ ਹਿੱਤਾਂ ਦੀ ਘੋਸ਼ਣਾ ਨੂੰ ਪੂਰਾ ਕਰੋ ਜੋ ਤੁਹਾਨੂੰ ਆਪਣੇ ਖੇਤਰੀ ਸੰਚਾਲਨ ਮੈਨੇਜਰ ਦੇ ਸਪੁਰਦ ਕਰਨੀ ਚਾਹੀਦੀ ਹੈ।

# ਸਿਹਤ ਅਤੇ ਸੁਰੱਖਿਆ

ਲਾਇਸ ਹਰ ਉਸ ਵਿਅਕਤੀ ਦੀ ਸਿਹਤ, ਸੁਰੱਖਿਆ ਅਤੇ ਖੁਸ਼ਹਾਲੀ ਦੀ ਦੇਖਭਾਲ ਕਰੇਗਾ ਜੋ ਸਾਡੇ ਲਈ ਕੰਮ ਕਰਦਾ ਹੈ ਅਤੇ ਵਲੰਟੀਅਰ ਹੈ। ਕਿਸੇ ਵੀ ਲਾਇਸ ਕਿਰਿਆਵਾਂ ਨੂੰ ਸਿਹਤ ਅਤੇ ਸੁਰੱਖਿਆ ਬੀਮੇ ਦੁਆਰਾ ਕਵਰ ਕੀਤਾ ਜਾਂਦਾ ਹੈ। ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੀ ਨਿੱਜੀ ਜ਼ਿੰਮੇਵਾਰੀ ਨੂੰ ਸਮਝਦੇ ਹੋ ਅਤੇ ਸਵੀਕਾਰ ਕਰਦੇ ਹੋ ਤਾਂ ਜੋ ਇਹ ਯਕੀਨੀ ਬਣਾਉਣ ਵਿੱਚ ਸਾਨੂੰ ਮਦਦ ਕਰ ਸਕੋ ਕਿ ਹਰ ਕੋਈ ਸੁਰੱਖਿਅਤ ਰਹਿੰਦਾ ਹੈ।

## ਇਹ ਜ਼ਰੂਰੀ ਹੈ ਕਿ ਤੁਸੀਂ:

ਅਜਿਹਾ ਕੁਝ ਵੀ ਨਾ ਕਰੋ ਜੋ ਤੁਹਾਡੀ ਆਪਣੀ ਸਿਹਤ ਅਤੇ ਸੁਰੱਖਿਆ ਨੂੰ ਪ੍ਰਭਾਵਿਤ ਕਰਦਾ ਹੋਵੇ, ਜਾਂ ਹੋਰ ਵਲੰਟੀਅਰਾਂ, ਲਾਇਸ ਸਟਾਫ਼, ਜਨਤਾ ਜਾਂ ਹੋਰਨਾਂ ਦੀ ਸੁਰੱਖਿਆ ਨੂੰ ਪ੍ਰਭਾਵਿਤ ਕਰਦਾ ਹੋਵੇ।

ਹਿਦਾਇਤਾਂ ਅਤੇ ਸੁਰੱਖਿਆ ਪ੍ਰਕਿਰਿਆਵਾਂ ਦੀ ਪਾਲਣਾ ਕਰੋ ਅਤੇ ਸਾਡੀ ਸਲਾਹ ਦੀ ਪਾਲਣਾ ਕਰੋ।

ਆਪਣੇ ਖੇਤਰੀ ਸੰਚਾਲਨ ਮੈਨੇਜਰ ਨੂੰ ਤੁਹਾਡੀਆਂ ਕਿਸੇ ਵੀ ਨਿੱਜੀ ਸਿਹਤ ਅਤੇ ਸੁਰੱਖਿਆ ਸਬੰਧੀ ਲੋੜਾਂ ਬਾਰੇ ਦੱਸੋ।

ਲਾਇਸ ਤੁਹਾਡੇ ਵੱਲੋਂ ਕੀਤੀਆਂ ਜਾਂਦੀਆਂ ਕਿਰਿਆਵਾਂ ਅਤੇ ਉਹਨਾਂ ਸਥਾਨਾਂ 'ਤੇ ਜੋਖਮ ਦਾ ਮੁਲਾਂਕਣ ਕਰੇਗਾ ਜਿੰਨ੍ਹਾਂ ਦਾ ਤੁਸੀਂ ਲੋੜ ਪੈਣ 'ਤੇ ਦੌਰਾ ਕਰਦੇ ਹੋ, ਅਤੇ ਇਹਨਾਂ ਦੇ ਨਤੀਜਿਆਂ ਨੂੰ ਤੁਹਾਡੇ ਨਾਲ ਸਾਂਝਾ ਕਰੇਗਾ ਤਾਂ ਜੋ ਤੁਸੀਂ ਜਾਣ ਸਕੋ ਕਿ ਸਾਡੇ ਲਈ ਵਲੰਟੀਅਰਿੰਗ ਦਾ ਕੰਮ ਕਰਦੇ ਸਮੇਂ ਤੁਸੀਂ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ ਕੀ ਕਰ ਸਕਦੇ ਹੋ। ਸਾਡੀ ਸਿਹਤ ਅਤੇ ਸੁਰੱਖਿਆ ਨੀਤੀ ਵਿੱਚ ਪੂਰਾ ਵੇਰਵਾ ਹੈ।

# ਇਕੱਲੇ ਕੰਮ ਕਰਨਾ

ਇਸ ਗੱਲ ਦੀ ਸੰਭਾਵਨਾ ਨਹੀਂ ਹੈ ਕਿ ਤੁਹਾਨੂੰ ਵਲੰਟੀਅਰਿੰਗ ਦਾ ਕੰਮ ਕਰਦੇ ਸਮੇਂ ਲੋਕਾਂ ਨੂੰ ਇੱਕ-ਇੱਕ ਕਰਕੇ ਮਿਲਣ ਲਈ ਕਿਹਾ ਜਾਵੇਗਾ, ਪਰ ਜਿੱਥੇ ਅਜਿਹਾ ਹੁੰਦਾ ਹੈ, ਯਕੀਨੀ ਬਣਾਓ ਕਿ ਤੁਹਾਡਾ ਖੇਤਰੀ ਸੰਚਾਲਨ ਮੈਨੇਜਰ ਜਾਂ ਲੀਡ ਅਫਸਰ ਮੀਟਿੰਗ ਲਈ ਸਹਿਮਤ ਹੋਇਆ ਹੈ। ਲਾਇਸ ਦਫਤਰ ਦੇ ਸਟਾਫ ਨੂੰ ਮੀਟਿੰਗ ਦੇ ਇਹ ਵੇਰਵੇ ਦੇਣ ਦੀ ਲੋੜ ਹੋਵੇਗੀ - ਤੁਸੀਂ ਕਦੋਂ, ਕਿੱਥੇ ਅਤੇ ਕਿਸ ਨੂੰ ਮਿਲ ਰਹੇ ਹੋ।

ਕਿਸੇ ਵੀ ਇੱਕ-ਨਾਲ-ਇੱਕ ਮੀਟਿੰਗ ਤੋਂ ਪਹਿਲਾਂ ਜੋਖਮ ਦਾ ਮੁਲਾਂਕਣ ਕੀਤਾ ਜਾਣਾ ਲਾਜ਼ਮੀ ਹੈ। ਇਸ ਵਿੱਚ ਸਥਾਨ, ਕਿਸੇ ਮੈਡੀਕਲ ਐਮਰਜੈਂਸੀ ਜਾਂ ਹਿੰਸਕ ਵਿਵਹਾਰ ਨਾਲ ਕਿਵੇਂ ਨਜਿੱਠਣਾ ਹੈ, ਗੁਪਤਤਾ, ਅਤੇ ਜਾਣਕਾਰੀ ਨੂੰ ਸੁਰੱਖਿਅਤ ਰੱਖਣਾ ਸ਼ਾਮਲ ਹੋਵੇਗਾ।

ਤੁਹਾਨੂੰ ਲਾਜ਼ਮੀ ਤੌਰ 'ਤੇ ਕਿਸੇ ਵੀ ਘਰੇਲੂ ਮੁਲਾਕਾਤ ਵਿੱਚ ਹਾਜ਼ਰ ਨਹੀਂ ਹੋਣਾ ਚਾਹੀਦਾ ਜਦ ਤੱਕ ਕਿ ਕੋਈ ਲਾਇਸ ਸਟਾਫ ਦਾ ਮੈਂਬਰ ਤੁਹਾਡੇ ਨਾਲ ਨਾ ਹੋਵੇ। ਤੁਹਾਡੇ ਅਤੇ ਤੁਹਾਡੇ ਖੇਤਰੀ ਸੰਚਾਲਨ ਮੈਨੇਜਰ ਜਾਂ ਲਾਇਸ ਦਫਤਰ ਵਿਚਕਾਰ ਬਕਾਇਦਾ ਟੈਲੀਫ਼ੋਨ ਸੰਪਰਕ ਦਾ ਪ੍ਰਬੰਧ ਪਹਿਲਾਂ ਤੋਂ ਹੀ ਕੀਤਾ ਜਾਣਾ ਚਾਹੀਦਾ ਹੈ।

ਐਮਰਜੈਂਸੀ ਦੀ ਸਥਿਤੀ ਲਈ ਤੁਹਾਨੂੰ ਆਪਣੇ ਪਰਿਵਾਰ ਕੋਲ ਇਹ ਵੇਰਵੇ ਵੀ ਛੱਡਣੇ ਚਾਹੀਦੇ ਹਨ ਕਿ ਤੁਸੀਂ ਕਿੱਥੇ ਜਾ ਰਹੇ ਹੋ।



ਜੇ ਕੋਈ ਘਟਨਾ ਜਾਂ ਦੁਰਘਟਨਾ ਵਾਪਰਨ 'ਤੇ ਤੁਸੀਂ ਇਕੱਲੇ ਹੁੰਦੇ ਹੋ, ਤਾਂ ਤੁਹਾਨੂੰ ਜਿੰਨੀ ਜਲਦੀ ਹੋ ਸਕੇ ਆਪਣੇ ਖੇਤਰੀ ਸੰਚਾਲਨ ਮੈਨੇਜਰ ਜਾਂ ਲਾਇਸ ਸਟਾਫ ਟੀਮ ਨੂੰ ਦੱਸਣਾ ਚਾਹੀਦਾ ਹੈ।

ਤੁਹਾਨੂੰ ਬਾਅਦ ਵਿੱਚ ਇੱਕ ਘਟਨਾ ਜਾਂ ਦੁਰਘਟਨਾ ਰਿਪੋਰਟਿੰਗ ਫਾਰਮ ਭਰਨ ਲਈ ਕਿਹਾ ਜਾਵੇਗਾ।

ਜੇ ਤੁਹਾਡੇ ਦੁਆਰਾ ਵਲੰਟੀਅਰਿੰਗ ਦਾ ਕੰਮ ਕਰਦੇ ਸਮੇਂ ਉੱਥੇ ਅੱਗ ਲੱਗ ਜਾਂਦੀ ਹੈ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਉਸ ਸਥਾਨ 'ਤੇ ਪ੍ਰਕਿਰਿਆਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਜਿਸ ਦਾ ਤੁਸੀਂ ਦੌਰਾ ਕਰ ਰਹੇ ਹੋ। ਲਾਇਸ ਦਫਤਰ ਨੂੰ ਦੱਸਿਆ ਜਾਣਾ ਚਾਹੀਦਾ ਹੈ, ਅਤੇ ਘਟਨਾ ਦੀ ਪੂਰੀ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ।

# ਹਾਦਸੇ, ਘਟਨਾਵਾਂ, ਅਤੇ ਬੀਮਾ

ਸਾਰੇ ਹਾਦਸਿਆਂ ਅਤੇ ਘਟਨਾਵਾਂ ਦੀ ਰਿਪੋਰਟ ਜਿੰਨੀ ਜਲਦੀ ਹੋ ਸਕੇ ਤੁਹਾਡੇ ਖੇਤਰੀ ਸੰਚਾਲਨ ਮੈਨੇਜਰ ਨੂੰ ਕੀਤੀ ਜਾਣੀ ਚਾਹੀਦੀ ਹੈ। ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਕੋਈ ਅਸਲ ਐਮਰਜੈਂਸੀ ਹੈ, ਤਾਂ ਕਿਰਪਾ ਕਰਕੇ ਤੁਰੰਤ ਐਮਰਜੈਂਸੀ ਸੇਵਾਵਾਂ ਨਾਲ ਸੰਪਰਕ ਕਰੋ। ਲਾਇਸ ਕੋਲ ਉਸ ਸਮੇਂ ਲਈ 'ਰੁਜ਼ਗਾਰਦਾਤਾ ਦੇਣਦਾਰੀ ਬੀਮਾ' ਅਤੇ 'ਜਨਤਕ ਦੇਣਦਾਰੀ ਅਤੇ ਪੇਸ਼ੇਵਰ ਮੁਆਵਜ਼ਾ ਬੀਮਾ' ਹੈ ਜਦੋਂ ਤੁਸੀਂ ਲਾਇਸ ਨਾਲ ਵਲੰਟੀਅਰ ਦੇ ਤੌਰ ਤੇ ਕੰਮ ਕਰ ਰਹੇ ਹੁੰਦੇ ਹੋ।

## ਨਿੱਜੀ ਸੁਰੱਖਿਆ ਅਤੇ ID ਬੈਜ

ਸਾਨੂੰ ਤੁਹਾਡੇ ਵਾਸਤੇ ਇੱਕ ਐਮਰਜੈਂਸੀ ਸੰਪਰਕ ਰੱਖਣ ਦੀ ਲੋੜ ਪਵੇਗੀ, ਜਿਸ ਨਾਲ ਅਸੀਂ ਕਿਸੇ ਐਮਰਜੈਂਸੀ ਦੀ ਸਥਿਤੀ ਵਿੱਚ ਸੰਪਰਕ ਕਰਾਂਗੇ। ਜੇ ਲੋੜ ਪੈਂਦੀ ਹੈ, ਤਾਂ ਤੁਹਾਨੂੰ ਇੱਕ ਵਲੰਟੀਅਰ ਆਈਡੀ ਬੈਜ ਦਿੱਤਾ ਜਾਵੇਗਾ ਜੋ ਤੁਹਾਡੇ ਕੋਲ ਹਮੇਸ਼ਾ ਲਾਇਸ ਲਈ ਵਲੰਟੀਅਰਿੰਗ ਦਾ ਕੰਮ ਕਰਦੇ ਸਮੇਂ ਹੋਣਾ ਚਾਹੀਦਾ ਹੈ।

ਜੇ ਕੋਈ ਸੇਵਾ ਉਪਭੋਗਤਾ ਤੁਹਾਡੇ ਨਿੱਜੀ ਸੰਪਰਕ ਵੇਰਵਿਆਂ ਬਾਰੇ ਪੁੱਛਦਾ ਹੈ ਤਾਂ ਕਿਰਪਾ ਕਰਕੇ ਨਿਮਰਤਾ ਨਾਲ ਇਨਕਾਰ ਕਰੋ। ਆਪਣੇ ਵੇਰਵਿਆਂ ਨੂੰ ਸਾਂਝਾ ਕਰਨਾ ਤੁਹਾਨੂੰ ਤੁਹਾਡੀ ਨਿੱਜੀ ਜ਼ਿੰਦਗੀ ਵਿੱਚ ਦਖਲ ਹੋਣ ਅਤੇ ਲੋਕਾਂ ਦੇ ਤੁਹਾਡੇ 'ਤੇ ਬਹੁਤ ਜ਼ਿਆਦਾ ਨਿਰਭਰ ਕਰਨ ਦੇ ਜੋਖਮ ਵਿੱਚ ਪਾ ਦਿੰਦਾ ਹੈ। ਕਿਸੇ ਲੋੜਵੰਦ ਦੀ ਮਦਦ ਕਰਨਾ ਸੁਭਾਵਿਕ ਹੈ, ਪਰ ਅਸੀਂ ਆਪਣੇ ਕੰਮ ਵਿਚ ਸਾਨੂੰ ਮਿਲਣ ਵਾਲੇ ਲੋਕਾਂ ਨੂੰ ਆਤਮ ਨਿਰਭਰ ਹੋਣ ਲਈ ਉਤਸ਼ਾਹਤ ਕਰਦੇ ਹਾਂ। ਅਸੀਂ ਉਨ੍ਹਾਂ ਨੂੰ ਉਹਨਾਂ ਸੇਵਾਵਾਂ ਵੱਲ ਨਿਰਦੇਸ਼ਿਤ ਕਰਦੇ ਹਾਂ ਜਿੰਨ੍ਹਾਂ ਬਾਰੇ ਅਸੀਂ ਜਾਣਦੇ ਹਾਂ ਕਿ ਉਨ੍ਹਾਂ ਨੂੰ ਵਧੇਰੀ ਮਦਦ ਮਿਲ ਸਕਦੀ ਹੈ ।




## ਗੁਪਤਤਾ

ਵਲੰਟੀਅਰਾਂ ਨੂੰ ਲਾਜ਼ਮੀ ਤੌਰ 'ਤੇ ਲਾਇਸ ਨਾਲ ਆਪਣੇ ਸਮੇਂ ਦੌਰਾਨ ਜਾਣਕਾਰੀ ਨੂੰ ਗੁਪਤ ਬਣਾਈ ਰੱਖਣਾ ਚਾਹੀਦਾ ਹੈ।

ਜਦੋਂ ਤੁਸੀਂ ਆਪਣਾ ਵਲੰਟੀਅਰ ਇਕਰਾਰਨਾਮਾ ਪੂਰਾ ਕਰਦੇ ਹੋ, ਤਾਂ ਤੁਸੀਂ ਗੁਪਤਤਾ ਘੋਸ਼ਣਾ 'ਤੇ ਵੀ ਦਸਤਖਤ ਕਰਦੇ ਹੋ। ਇਸਦਾ ਮਤਲਬ ਇਹ ਹੈ ਕਿ ਉਹਨਾਂ ਲੋਕਾਂ ਜਿੰਨ੍ਹਾਂ ਦੀ ਅਸੀਂ ਸਹਾਇਤਾ ਕਰਦੇ ਹਾਂ, ਵਲੰਟੀਅਰਾਂ, ਲਾਇਸ ਸਟਾਫ਼ ਅਤੇ ਸਾਡੇ ਕੰਮ ਬਾਰੇ ਗੁਪਤ ਜਾਣਕਾਰੀ ਨੂੰ ਨਿੱਜੀ ਰੱਖਿਆ ਜਾਂਦਾ ਹੈ, ਜਦ ਤੱਕ ਸਾਨੂੰ ਕਾਨੂੰਨ ਦੁਆਰਾ ਉਸ ਜਾਣਕਾਰੀ ਨੂੰ ਸਾਂਝਾ ਕਰਨ ਦੀ ਲੋੜ ਨਾ ਹੋਵੇ।

ਸਾਡੀ ਗੁਪਤਤਾ ਨੀਤੀ ਵੀ ਦੇਖੋ।

# ਸੁਰੱਖਿਆਕਰਣ

ਸਾਰੇ ਲਾਇਸ ਵਲੰਟੀਅਰਾਂ ਨੂੰ ਉਨ੍ਹਾਂ ਦੇ ਸ਼ਾਮਲ ਹੋਣ ਦੇ ਹਿੱਸੇ ਵਜੋਂ ਸੁਰੱਖਿਆਕਰਣ ਦੀ ਸਿਖਲਾਈ ਦਿੱਤੀ ਜਾਵੇਗੀ। ਇਹ ਤੁਹਾਨੂੰ ਉਹਨਾਂ ਬੱਚਿਆਂ ਅਤੇ ਬਾਲਗਾਂ ਨੂੰ ਸੁਰੱਖਿਅਤ ਰੱਖਣ ਲਈ ਸਹੀ ਕਾਰਵਾਈ ਕਰਨ ਵਿੱਚ ਮਦਦ ਕਰੇਗੀ ਜਿੰਨ੍ਹਾਂ ਨੂੰ ਤੁਸੀਂ ਮਿਲਦੇ ਹੋ।

ਸਾਡੀ ਸੁਰੱਖਿਆ ਨੀਤੀ ਦੇ ਹਿੱਸੇ ਵਜੋਂ ਤੁਹਾਨੂੰ ਖੁਲਾਸਾ ਅਤੇ ਬਾਰਿੰਗ ਸਰਵਿਸ (DBS) ਜਾਂਚ ਦੀ ਲੋੜ ਪੈ ਸਕਦੀ ਹੈ।



ਕੋਈ ਵੀ ਅਜਿਹੀਆਂ ਚਿੰਤਾਵਾਂ ਕਿ ਕੋਈ ਬਾਲਗ ਜਾਂ ਬੱਚਾ ਨੁਕਸਾਨ ਝੱਲ ਰਿਹਾ ਹੋ ਸਕਦਾ ਹੈ, ਇਸ ਬਾਰੇ ਜਿੰਨੀ ਜਲਦੀ ਹੋ ਸਕੇ ਲਾਇਸ ਸਟਾਫ ਨਾਲ ਗੱਲ ਕੀਤੀ ਜਾਣੀ ਚਾਹੀਦੀ ਹੈ। ਉਹ ਫੈਸਲਾ ਕਰਨਗੇ ਕਿ ਸਾਡੀਆਂ ਸੁਰੱਖਿਆ ਨੀਤੀਆਂ ਦੇ ਹਿੱਸੇ ਵਜੋਂ ਇਸ ਜਾਣਕਾਰੀ ਨਾਲ ਕੀ ਕਰਨਾ ਹੈ।

ਜੇ ਕੋਈ ਤੁਹਾਡੇ ਨਾਲ ਇਹ ਸਾਂਝਾ ਕਰਦਾ ਹੈ ਕਿ ਉਸਨੂੰ ਨੁਕਸਾਨ ਪਹੁੰਚਾਇਆ ਗਿਆ ਹੈ, ਤਾਂ ਸ਼ਾਂਤ ਰਹਿਣਾ, ਧਿਆਨ ਨਾਲ ਸੁਣਨਾ, ਅਤੇ ਸਵਾਲ ਨਾ ਪੁੱਛਣਾ ਯਾਦ ਰੱਖੋ। ਉਸ ਵਿਅਕਤੀ ਨੂੰ ਦੱਸੋ ਕਿ ਤੁਸੀਂ ਉਨ੍ਹਾਂ ਦੀ ਗੱਲ ਨੂੰ ਗੰਭੀਰਤਾ ਨਾਲ ਲਵੋਂਗੇ, ਜੋ ਹੋਇਆ ਉਹ ਉਨ੍ਹਾਂ ਦੀ ਗਲਤੀ ਨਹੀਂ ਸੀ ਅਤੇ ਤੁਹਾਨੂੰ ਲਾਜ਼ਮੀ ਤੌਰ 'ਤੇ ਸਟਾਫ ਦੇ ਕਿਸੇ ਮੈਂਬਰ / ਮੈਨੇਜਰ ਨੂੰ ਇਸ ਬਾਰੇ ਦੱਸਣਾ ਚਾਹੀਦਾ ਹੈ। ਤੁਹਾਨੂੰ ਲਾਜ਼ਮੀ ਤੌਰ 'ਤੇ ਜਿੰਨੀ ਜਲਦੀ ਹੋ ਸਕੇ ਕਿਸੇ ਸਟਾਫ਼ ਦੇ ਮੈਂਬਰ ਨੂੰ ਇਸਦੀ ਰਿਪੋਰਟ ਕਰਨੀ ਚਾਹੀਦੀ ਹੈ ਅਤੇ ਇਹ ਲਿਖਣਾ ਚਾਹੀਦਾ ਹੈ ਕਿ ਕੀ ਕਿਹਾ ਗਿਆ ਸੀ ਅਤੇ ਤੁਸੀਂ ਇਸ ਦੀ ਰਿਪੋਰਟ ਕਿਸ ਨੂੰ ਕੀਤੀ ਸੀ। ਜੇ ਤੁਹਾਨੂੰ ਲੱਗਦਾ ਹੈ ਕਿ ਉਹਨਾਂ ਨੂੰ ਜਾਂ ਕਿਸੇ ਹੋਰ ਨੂੰ ਖਤਰਾ ਹੈ ਤਾਂ ਤੁਸੀਂ ਜਾਣਕਾਰੀ ਨੂੰ ਆਪਣੇ ਤੱਕ ਸੀਮਤ ਨਹੀਂ ਰੱਖ ਸਕਦੇ।

ਆਪਣੇ ਆਪ ਨੂੰ ਖਤਰੇ ਵਿੱਚ ਨਾ ਪਾਓ, ਉਸ ਵਿਅਕਤੀ ਨਾਲ ਸੰਪਰਕ ਨਾ ਕਰੋ ਜਿਸ ਬਾਰੇ ਉਹਨਾਂ ਨੇ ਤੁਹਾਨੂੰ ਦੱਸਿਆ ਸੀ, ਜਾਂ ਉਸ ਕਿਸੇ ਨੂੰ ਵੀ ਨਾ ਦੱਸੋ ਜਿਸ ਨੂੰ ਜਾਣਨ ਦੀ ਲੋੜ ਨਹੀਂ ਹੈ।

# ਡੇਟਾ ਸੁਰੱਖਿਆ

ਇਸ ਤੋਂ ਪਹਿਲਾਂ ਕਿ ਅਸੀਂ ਕਿਸੇ ਬਾਰੇ ਜਾਣਕਾਰੀ - ਜਾਂ 'ਡੇਟਾ' – ਇਕੱਤਰਤ ਕਰ ਸਕੀਏ, ਸਟੋਰ ਕਰ ਸਕੀਏ, ਜਾਂ ਵਰਤ ਸਕੀਏ, ਡੇਟਾ ਸੁਰੱਖਿਆ ਕਾਨੂੰਨ, ਅਤੇ ਜਨਰਲ ਡੇਟਾ ਪ੍ਰੋਟੈਕਸ਼ਨ ਰੈਗੂਲੇਸ਼ਨ (ਜੀਡੀਪੀਆਰ), ਦਾ ਮਤਲਬ ਹੈ ਕਿ ਉਨ੍ਹਾਂ ਨੂੰ ਇਸ ਨਾਲ ਸਹਿਮਤ ਹੋਣਾ ਚਾਹੀਦਾ ਹੈ।
ਅਜਿਹਾ ਹੋ ਸਕਦਾ ਹੈ ਤੁਹਾਡੇ ਕੋਲ ਉਹਨਾਂ ਲੋਕਾਂ ਬਾਰੇ ਨਿੱਜੀ ਜਾਣਕਾਰੀ ਤੱਕ ਪਹੁੰਚ ਹੋਵੇ ਜਿੰਨ੍ਹਾਂ ਦੀ ਤੁਸੀਂ ਮਦਦ ਕਰ ਰਹੇ ਹੋ। ਕਿਰਪਾ ਕਰਕੇ ਇਹ ਯਕੀਨੀ ਬਣਾਓ ਕਿ ਤੁਸੀਂ ਸਾਡੀ ਨੀਤੀ ਅਤੇ ਪ੍ਰਕਿਰਿਆਵਾਂ ਤੋਂ ਜਾਣੂ ਹੋ, ਜਿਸ ਵਿੱਚ ਸਾਡੀ ਡੇਟਾ ਸੁਰੱਖਿਆ ਨੀਤੀ ਵੀ ਸ਼ਾਮਲ ਹੈ।

ਤੁਹਾਡੇ ਸੰਪਰਕ ਦੇ ਵੇਰਵਿਆਂ ਨੂੰ ਇੱਕ ਡੇਟਾਬੇਸ ਵਿੱਚ ਰੱਖਿਆ ਜਾਵੇਗਾ ਅਤੇ ਇਨ੍ਹਾਂ ਨੂੰ ਕੇਵਲ ਉਸ ਸਟਾਫ਼ ਦੁਆਰਾ ਵਰਤਿਆ ਜਾਵੇਗਾ ਜਿੰਨ੍ਹਾਂ ਨੂੰ ਇਹਨਾਂ ਦੀ ਲੋੜ ਹੈ। ਤੁਹਾਡੇ ਅਰਜ਼ੀ ਫਾਰਮ, ਰੈਫਰੇਨਸਾਂ, ਅਤੇ ਐਮਰਜੈਂਸੀ ਸੰਪਰਕ ਵੇਰਵੇ ਸੁਰੱਖਿਅਤ ਰੱਖੇ ਜਾਣਗੇ। ਤੁਹਾਨੂੰ ਆਪਣਾ ਰਿਕਾਰਡ ਦੇਖਣ ਦਾ ਅਧਿਕਾਰ ਹੈ। ਅਸੀਂ ਜਨਤਕ ਪ੍ਰਚਾਰ ਲਈ ਆਪਣੇ ਵਲੰਟੀਅਰਾਂ ਦੀਆਂ ਫੋਟੋਆਂ ਦੀ ਵਰਤੋਂ ਕਰਨਾ ਚਾਹ ਸਕਦੇ  ਹਾਂ। ਤੁਹਾਨੂੰ ਇਸ ਨਾਲ ਸਹਿਮਤ ਹੋਣ ਲਈ ਕਿਹਾ ਜਾਵੇਗਾ, ਪਰ ਤੁਸੀਂ ਇਨਕਾਰ ਵੀ ਕਰ ਸਕਦੇ ਹੋ।




# ਮੁਸ਼ਕਲਾਂ ਨਾਲ  ਨਜਿੱਠਣਾ

ਜੇ ਤੁਹਾਨੂੰ ਕੁਝ ਵੀ ਮੁਸ਼ਕਿਲ ਲੱਗਦਾ ਹੈ, ਜਾਂ ਸਾਡੇ ਨਾਲ ਤੁਹਾਡਾ ਤਜਰਬਾ ਉਮੀਦ ਅਨੁਸਾਰ ਕੰਮ ਨਹੀਂ ਕਰ ਰਿਹਾ ਹੈ, ਤਾਂ ਕਿਰਪਾ ਕਰਕੇ ਜਿੰਨੀ ਜਲਦੀ ਹੋ ਸਕੇ ਆਪਣੇ ਵਲੰਟੀਅਰ ਮੈਨੇਜਰ ਨਾਲ ਇਸ ਬਾਰੇ ਗੱਲ  ਕਰੋ।

ਇਕੱਠੇ ਮਿਲ ਕੇ, ਅਸੀਂ ਚੀਜ਼ਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਾਂਗੇ।
ਅਸੀਂ ਚਾਹੁੰਦੇ ਹਾਂ ਕਿ ਤੁਸੀਂ ਲਾਇਸ ਨਾਲ ਵਲੰਟੀਅਰਿੰਗ ਦਾ ਕੰਮ ਕਰਨ ਦਾ ਅਨੰਦ ਲਓ, ਪਰ ਅਸੀਂ ਜਾਣਦੇ ਹਾਂ ਕਿ ਸਮੱਸਿਆਵਾਂ ਪੇਸ਼ ਆ ਸਕਦੀਆਂ ਹਨ। ਸਾਡੇ ਕੋਲ ਕਿਸੇ ਵੀ ਮੁੱਦੇ ਨਾਲ ਜਲਦੀ ਤੋਂ ਜਲਦੀ ਨਜਿੱਠਣ ਵਿੱਚ ਮਦਦ ਕਰਨ ਲਈ ਇੱਕ ਸਮੱਸਿਆ ਹੱਲ ਕਰਨ ਦੀ ਪ੍ਰਕਿਰਿਆ ਹੈ।

ਇਹ ਪ੍ਰਕਿਰਿਆ ਵਲੰਟੀਅਰ ਸਬੰਧਾਂ ਨਾਲ ਜੁੜੀਆਂ ਚਿੰਤਾਵਾਂ ਨਾਲ ਨਜਿੱਠਣ ਲਈ ਹੈ; ਹੋਰ ਸ਼ੰਕਿਆਂ ਜਾਂ ਸ਼ਿਕਾਇਤਾਂ ਵਾਸਤੇ ਕਿਰਪਾ ਕਰਕੇ ਸਾਡੀ ਸ਼ਿਕਾਇਤ ਨੀਤੀ ਦੇਖੋ।

ਅਸੀਂ ਇਹ ਯਕੀਨੀ ਬਣਾਵਾਂਗੇ ਕਿ ਸਾਰੇ ਵਲੰਟੀਅਰ ਸਾਡੇ ਨਾਲ ਸਮੱਸਿਆਵਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਨ ਵਿੱਚ ਪੂਰੀ ਭੂਮਿਕਾ ਨਿਭਾ ਸਕਦੇ ਹਨ। ਤੁਸੀਂ ਸਮੱਸਿਆ ਹੱਲ ਕਰਨ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਕਿਸੇ ਵੀ ਮੀਟਿੰਗ ਵਿੱਚ ਕਿਸੇ ਸਹਾਇਕ ਵਿਅਕਤੀ ਜਾਂ ਤੁਹਾਡੀ ਵਕਾਲਤ ਕਰਨ ਲਈ ਕਿਸੇ ਨੂੰ ਲਿਆ ਸਕਦੇ ਹੋ।

# ਸਾਡੀ ਸਮੱਸਿਆ ਦਾ ਹੱਲ ਕਰਨ ਦੀ ਪ੍ਰਕਿਰਿਆ

**01:** ਅਸੀਂ ਤੁਹਾਨੂੰ ਜਿੰਨੀ ਜਲਦੀ ਹੋ ਸਕੇ ਤੁਹਾਡੀ ਵਲੰਟੀਅਰਿੰਗ ਨਾਲ ਕਿਸੇ ਵੀ ਸਮੱਸਿਆਵਾਂ ਬਾਰੇ ਦੱਸਾਂਗੇ ਅਤੇ ਅਸੀਂ ਚੀਜ਼ਾਂ ਨੂੰ ਠੀਕ ਕਰਨ ਲਈ ਮਿਲ ਕੇ ਇੱਕ ਤਰੀਕੇ 'ਤੇ ਸਹਿਮਤ ਹੋਵਾਂਗੇ। ਇਹ ਵਾਧੂ ਸਿਖਲਾਈ, ਜਾਂ ਤੁਹਾਡੀ ਵਲੰਟੀਅਰਿੰਗ ਦੀ ਭੂਮਿਕਾ ਵਿੱਚ ਤਬਦੀਲੀ ਹੋ ਸਕਦਾ ਹੈ।

**02:** ਜੇ ਇਹ ਸਮੱਸਿਆ ਨੂੰ ਠੀਕ ਨਹੀਂ ਕਰਦਾ, ਤਾਂ ਅਸੀਂ ਅੱਗੇ ਗੱਲ ਕਰਨ ਲਈ ਤੁਹਾਡੇ ਲੀਡ ਅਫਸਰ ਨਾਲ ਮੀਟਿੰਗ ਦੀ ਪੇਸ਼ਕਸ਼ ਕਰਾਂਗੇ।

**03:** ਜੇ ਕਿਸੇ ਮੀਟਿੰਗ ਦੀ ਲੋੜ ਹੈ, ਤਾਂ ਅਸੀਂ ਤੁਹਾਡੇ ਨਾਲ ਮੁੱਦਿਆਂ ਬਾਰੇ ਗੱਲ ਕਰਾਂਗੇ। ਅਸੀਂ ਤੁਹਾਡੇ ਨਾਲ ਪਤਾ ਲਗਾਵਾਂਗੇ ਕਿ ਕੀ ਸਾਡੀਆਂ ਚਿੰਤਾਵਾਂ ਨੂੰ ਠੀਕ ਕਰਨ ਦੇ ਕੋਈ ਹੋਰ ਤਰੀਕੇ ਹਨ ਜਾਂ ਨਹੀਂ ਅਤੇ ਤੁਹਾਨੂੰ 15 ਕੰਮਕਾਜੀ ਦਿਨਾਂ ਦੇ ਅੰਦਰ ਸਾਡੇ ਫੈਸਲੇ ਬਾਰੇ ਦੱਸਾਂਗੇ।



**04:** ਜੇ ਤੁਸੀਂ ਰਸਮੀ ਮੀਟਿੰਗ ਦੇ ਨਤੀਜੇ ਨਾਲ ਸਹਿਮਤ ਨਹੀਂ ਹੋ, ਤਾਂ ਤੁਸੀਂ ਲਾਇਸ ਬੋਰਡ ਨੂੰ ਅਪੀਲ ਕਰ ਸਕਦੇ ਹੋ। ਲਾਇਸ ਬੋਰਡ ਤੁਹਾਨੂੰ ਪੰਜ ਕੰਮਕਾਜੀ ਦਿਨਾਂ ਦੇ ਅੰਦਰ ਦੱਸੇਗਾ ਕਿ ਉਨ੍ਹਾਂ ਨੂੰ ਅਪੀਲ ਪ੍ਰਾਪਤ ਹੋ ਗਈ ਹੈ ਅਤੇ ਇੱਕ ਮੀਟਿੰਗ ਦੀ ਪੇਸ਼ਕਸ਼ ਕਰੇਗਾ।

**05:** ਬੋਰਡ ਤੁਹਾਨੂੰ ਇਸ ਮੀਟਿੰਗ ਦੇ 10 ਕਾਰਜਕਾਰੀ ਦਿਨਾਂ ਦੇ ਅੰਦਰ ਉਨ੍ਹਾਂ ਦਾ ਜਵਾਬ ਦੱਸੇਗਾ। ਬੋਰਡ ਦਾ ਫੈਸਲਾ ਅੰਤਿਮ ਹੁੰਦਾ ਹੈ।

ਜੇ ਅਸੀਂ ਤੁਹਾਡੇ ਨਾਲ ਸਥਿਤੀ ਨੂੰ ਠੀਕ ਕਰਨ ਵਿੱਚ ਅਸਮਰੱਥ ਰਹਿੰਦੇ ਹਾਂ, ਤਾਂ ਹੋ ਸਕਦਾ ਹੈ ਤੁਹਾਨੂੰ ਲਾਇਸ ਨਾਲ ਵਲੰਟੀਅਰਿੰਗ ਦਾ ਕੰਮ ਕਰਨਾ ਬੰਦ ਕਰਨ ਲਈ ਕਿਹਾ ਜਾਵੇ। ਜੇ ਅਜਿਹਾ ਹੁੰਦਾ ਹੈ, ਤਾਂ ਅਸੀਂ ਤੁਹਾਨੂੰ ਹੋਰ ਮੌਕਿਆਂ ਬਾਰੇ ਦੱਸਾਂਗੇ।

ਕਈ ਵਾਰ ਅਸੀਂ ਤੁਹਾਨੂੰ ਤੁਹਾਡੇ ਵਿਵਹਾਰ ਨੂੰ ਬਦਲਣ ਦਾ ਮੌਕਾ ਨਹੀਂ ਦੇ ਸਕਾਂਗੇ। ਇਸ ਵਿੱਚ, ਹੋਰ ਮੁੱਦਿਆਂ ਦੇ ਨਾਲ ਨਾਲ, ਕਿਸੇ ਵੀ ਸਟਾਫ਼, ਵਲੰਟੀਅਰ ਜਾਂ ਸੇਵਾ ਉਪਭੋਗਤਾਵਾਂ ਨੂੰ ਧਮਕੀਆਂ ਦੇਣਾ, ਉਨ੍ਹਾਂ ਨਾਲ ਦੁਰਵਿਵਹਾਰ ਜਾਂ ਹਮਲੇ ਕਰਨਾ, ਬੱਚਿਆਂ ਜਾਂ ਕਮਜ਼ੋਰ ਬਾਲਗਾਂ ਦੀ ਸੁਰੱਖਿਆ ਬਾਰੇ ਨੀਤੀਆਂ ਨੂੰ ਤੋੜਨਾ, ਗੁਪਤਤਾ ਤੋੜਨਾ, ਅਤੇ ਅਪਰਾਧਿਕ ਕਾਰਵਾਈਆਂ ਸ਼ਾਮਲ ਹੋ ਸਕਦਾ ਹੈ ਜਿਵੇਂ ਕਿ ਚੋਰੀ ਜਾਂ ਧੋਖਾਧੜੀ।

# ਸ਼ਿਕਾਇਤਾਂ

ਹਾਲਾਂਕਿ ਸ਼ਿਕਾਇਤਾਂ ਨਾਲ ਨਜਿੱਠਣਾ ਮੁਸ਼ਕਲ ਹੋ ਸਕਦਾ ਹੈ, ਪਰ ਇਹ ਸਾਨੂੰ ਆਪਣੇ ਕੰਮ ਨੂੰ ਕਰਨ ਦੇ ਤਰੀਕੇ ਨੂੰ ਬਿਹਤਰ ਬਣਾਉਣ ਲਈ ਇਸ ਨੂੰ ਬਦਲਣ ਦਾ ਮੌਕਾ ਦੇ ਸਕਦਾ ਹੈ।

ਜੇ ਤੁਸੀਂ ਕੋਈ ਸ਼ਿਕਾਇਤ ਕਰਨਾ ਚਾਹੁੰਦੇ ਹੋ ਜਾਂ ਤੁਹਾਨੂੰ ਆਪਣੀ ਸੇਵਾ ਬਾਰੇ ਜਾਂ ਲਾਇਸ ਬਾਰੇ ਕਿਸੇ ਤੋਂ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ, ਤਾਂ ਕਿਰਪਾ ਕਰਕੇ ਇਸ ਨੂੰ ਆਪਣੇ ਖੇਤਰੀ ਸੰਚਾਲਨ ਮੈਨੇਜਰ ਨੂੰ ਭੇਜੋ। ਸਾਡੀ ਸ਼ਿਕਾਇਤ ਨੀਤੀ ਵਿੱਚ ਵਧੇਰੇ ਵੇਰਵੇ ਹਨ।



# ਵਿਸਲਬਲੋਇੰਗ

ਇਹ ਮਹੱਤਵਪੂਰਨ ਹੈ ਕਿ ਲਾਇਸ ਦੀ ਤਰਫੋਂ ਕੰਮ ਕਰਨ ਵਾਲੇ ਸਟਾਫ ਜਾਂ ਹੋਰਾਂ ਦੁਆਰਾ ਕਿਸੇ ਵੀ ਧੋਖਾਧੜੀ, ਜਾਂ ਗਲਤ ਵਿਵਹਾਰ ਨਾਲ ਸਹੀ ਢੰਗ ਨਾਲ ਨਜਿੱਠਿਆ ਜਾਵੇ। ਤੁਸੀਂ ਲਾਇਸ ਵਿਖੇ ਦੂਜਿਆਂ ਦੇ ਵਿਵਹਾਰ ਜਾਂ ਸੰਗਠਨ ਨੂੰ ਚਲਾਉਣ ਦੇ ਤਰੀਕੇ ਬਾਰੇ ਕੋਈ ਵੀ ਚਿੰਤਾ ਜ਼ਾਹਰ ਕਰ ਸਕਦੇ ਹੋ।

ਸਾਡੀ ਵਿਸਲਬਲੋਇੰਗ ਨੀਤੀ ਤੁਹਾਨੂੰ ਦੱਸਦੀ ਹੈ ਕਿ ਤੁਸੀਂ ਕਿਸੇ ਵੀ ਚਿੰਤਾਵਾਂ ਨੂੰ ਕਿਵੇਂ ਉਠਾ ਸਕਦੇ ਹੋ ਅਤੇ ਉਨ੍ਹਾਂ ਚਿੰਤਾਵਾਂ ਨਾਲ ਕਿਵੇਂ ਨਜਿੱਠਿਆ ਜਾਵੇਗਾ।

# ਸਮਾਨਤਾ, ਵਿਭਿੰਨਤਾ ਅਤੇ ਸ਼ਮੂਲੀਅਤ

ਅਸੀਂ ਸਾਰੇ ਵਲੰਟੀਅਰਾਂ ਅਤੇ ਵਲੰਟੀਅਰ ਬਣਨ ਦੇ ਉਮੀਦਵਾਰਾਂ ਨਾਲ ਨਿਰਪੱਖ ਰਹਿੰਦੇ ਹਾਂ। ਅਸੀਂ ਵਲੰਟੀਅਰਾਂ ਨੂੰ ਇਸ ਆਧਾਰ 'ਤੇ ਸਵੀਕਾਰ ਕਰਦੇ ਹਾਂ ਕਿ ਉਹ ਭੂਮਿਕਾ ਲਈ ਕਿੰਨੇ ਢੁਕਵੇਂ ਹਨ।

ਅਸੀਂ ਕਿਸੇ ਨਾਲ ਵੀ ਉਨ੍ਹਾਂ ਦੀ ਉਮਰ, ਅਪੰਗਤਾ, ਲਿੰਗ, ਵਿਆਹੁਤਾ ਸਥਿਤੀ, ਗਰਭਅਵਸਥਾ ਜਾਂ ਜਣੇਪਾ ਅਵਸਥਾ, ਨਸਲ, ਧਰਮ ਜਾਂ ਆਸਥਾ, ਲਿੰਗ, ਜਿਨਸੀ ਰੁਝਾਨ, ਜਾਂ ਸਮਾਜਿਕ-ਆਰਥਿਕ ਪਿਛੋਕੜ ਦੇ ਕਾਰਨ ਪੱਖਪਾਤ ਨਹੀਂ ਕਰਾਂਗੇ।

ਅਸੀਂ ਉਮੀਦ ਕਰਦੇ ਹਾਂ ਕਿ ਸਾਡੇ ਵਲੰਟੀਅਰ ਸਾਡੀ ਸਮਾਨਤਾ ਅਤੇ ਵਿਭਿੰਨਤਾ ਨੀਤੀ ਦੀ ਪਾਲਣਾ ਕਰਨਗੇ ਜੋ ਕਿ ਲਾਇਸ ਵਲੰਟੀਅਰ ਸ਼ਮੂਲੀਅਤ (ਇੰਡਕਸ਼ਨ) ਦਾ ਹਿੱਸਾ ਹਨ।



# ਅੱਗੇ ਵਧਣਾ ਅਤੇ ਰੈਫਰੇਨਸਾਂ

ਤੁਸੀਂ ਕਿਸੇ ਵੀ ਸਮੇਂ ਲਾਇਸ ਨਾਲ ਵਲੰਟੀਅਰਿੰਗ ਦਾ ਕੰਮ ਕਰਨਾ ਬੰਦ ਕਰ ਸਕਦੇ ਹੋ। ਕਿਰਪਾ ਕਰਕੇ ਆਪਣੇ ਖੇਤਰੀ ਸੰਚਾਲਨ ਮੈਨੇਜਰ ਨੂੰ ਦੱਸੋ। ਅਸੀਂ ਤੁਹਾਡੇ ਜਾਣ ਦੇ ਕਾਰਨਾਂ ਬਾਰੇ ਤੁਹਾਡੇ ਨਾਲ ਗੱਲਬਾਤ ਕਰਨਾ ਚਾਹਾਂਗੇ, ਹਾਲਾਂਕਿ ਤੁਸੀਂ ਅਜਿਹਾ ਨਾ ਕਰਨ ਦੀ ਚੋਣ ਕਰ ਸਕਦੇ ਹੋ। ਜੇ ਤੁਸੀਂ ਛੇ ਮਹੀਨਿਆਂ ਤੋਂ ਵੱਧ ਸਮੇਂ ਤੋਂ ਸਾਡੇ ਨਾਲ ਇੱਕ ਵਲੰਟੀਅਰ ਰਹੇ ਹੋ, ਤਾਂ ਅਸੀਂ ਤੁਹਾਨੂੰ ਇੱਕ ਰੈਫਰੈਂਸ ਵੀ ਦੇ ਸਕਦੇ ਹਾਂ।

ਸਿਹਤ ਅਤੇ ਸਮਾਜਕ ਸੰਭਾਲ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਸਾਡੀ ਮਦਦ ਕਰਨ ਲਈ ਤੁਹਾਡਾ ਧੰਨਵਾਦ।

## ਲਾਭਦਾਇਕ ਲਿੰਕ

1. ਵਲੰਟੀਅਰ ਨੀਤੀ
2. ਫੈਸਲਾ ਲੈਣ ਦੀ ਨੀਤੀ
3. ਵਲੰਟੀਅਰ ਭੂਮਿਕਾ ਦੇ ਵਰਣਨ
4. ਵਲੰਟੀਅਰ ਖ਼ਰਚਿਆਂ ਦੀ ਨੀਤੀ
5. ਆਚਰਣ ਦੇ ਕੋਡ ਦੀ ਨੀਤੀ
6. ਹਿੱਤਾਂ ਦੇ ਟਕਰਾਅ ਦੀ ਨੀਤੀ
7. ਸਿਹਤ ਅਤੇ ਸੁਰੱਖਿਆ ਨੀਤੀ
8. ਬੱਚਿਆਂ ਅਤੇ ਕਮਜ਼ੋਰ ਬਾਲਗਾਂ ਦੀ ਰੱਖਿਆਕਰਣ ਦੀ ਨੀਤੀ
9. ਡੇਟਾ ਸੁਰੱਖਿਆ ਨੀਤੀ
10. ਵਲੰਟੀਅਰ ਇਕਰਾਰਨਾਮਾ
11. ਗੁਪਤਤਾ ਨੀਤੀ
12. ਸ਼ਿਕਾਇਤਾਂ ਲਈ ਨੀਤੀ
13. ਸਮਾਨਤਾ, ਵਿਭਿੰਨਤਾ ਅਤੇ ਸ਼ਮੂਲੀਅਤ ਦੀ ਨੀਤੀ
14. ਵ੍ਹੀਸਲਬਲੋਇੰਗ ਨੀਤੀ

**ਲਾਇਸ,**
ਤੀਜੀ ਮੰਜ਼ਿਲ,
33 - 35 ਕੈਥੇਡਰਲ ਰੋਡ,
ਕਾਰਡਿਫ,
CF11 9HB
02920 235 558

enquiries@llaiscymru.org
www.llaiswales.org